ਮਾਡਲ ਉਪ-ਨਿਯਮ

●5.●9.2●●2 ਤੱਕ ਕੀਤੀ ਸੋਧ ਅਨੁਸਾਰ

ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ

Created with Print2PDF. To remove this line, buy a license at: http://www.software602.com/

ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ
ਦੇ
ਮਾਡਲ ਉਪ-ਨਿਯਮ

ਨਾਮ, ਪਤਾ ਅਤੇ ਕੰਮਕਾਰ ਦਾ ਖੇਤਰ :

1. ਬੈਂਕ ਨੂੰ ..... ਦੀ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ ਕਿਹਾ ਜਾਵੇਗਾ ।
2. .... ਦੀ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ ..... ਦਾ ਰਜਿਸਟਰਡ ਪਤਾ ..... ਡਾਕਘਰ..... ਤਹਿਸੀਲ..... ਜਿਲਾ..... ਹੋਵੇਗਾ । ਪ੍ਰਾਇਮਰੀ ਬੈਂਕ ਦੀ ਕਮੇਟੀ ਦੁਆਰਾ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਦੀ ਅਗੇਤੀ ਪਰਵਾਨਗੀ ਨਾਲ ਪ੍ਰਾਇਮਰੀ ਬੈਂਕ ਦੇ ਹੈਡਕੁਆਟਰ ਵਿਚ ਕੋਈ ਤਬਦੀਲੀ ਕੀਤੀ ਜਾ ਸਕਦੀ ਹੈ ।
3. ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਦੇ ਕੰਮ ਕਾਰ ਦਾ ਖੇਤਰ ..... ਤੱਕ ਹੋਵੇਗਾ ।
4. ਇਨ੍ਹਾਂ ਉਪ ਨਿਯਮਾਂ ਵਿਚ, ਇਸ ਵਿੱਚ ਉਪ੍ਰੰਤ, ਜਿਨਾਂ ਚਿਰ ਵਿਸ਼ੇ ਜਾਂ ਪ੍ਰਸੰਗ ਦੇ ਉਲਟ ਕੋਈ ਚੀਜ ਨਾ ਹੋਵੇ :-

(ੳ) ੍ਰ ਪ੍ਰਾਇਮਰੀ ਬੈਂਕ ੍ਰ ਤੋਂ ਭਾਵ ਹੈ ..... ਦੀ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ ।

(ਅ) ੍ਰ ਕਮੇਟੀ੍ਰ ਤੋਂ ਭਾਵ ਹੈ ਬੈਂਕ ਦੀ ਕਮੇਟੀ ।

(ੲ) ੍ਰ ਸਟੇਟ ਬੈਂਕ੍ਰ ਤੋਂ ਭਾਵ ਹੈ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ ।

(ਸ) ੍ਰ ਬੋਰਡ੍ਰ ਤੋਂ ਭਾਵ ਹੈ ਸਟੇਟ ਬੈਂਕ ਦਾ ਬੋਰਡ ਆਫ ਡਾਇਰੈਕਟਰਜ ।

(ਹ) ਮੈਂਬਰਸ਼ਿਪ ਸਬੰਧੀ :੍ਰ ਵਿਅਕਤੀ੍ਰ ਤੋਂ ਭਾਵ ਹੈ ਕੋਆਪ੍ਰੇਟਿਵ ਸੋਸਾਇਟੀ ਦਾ ਕੋਈ ਉਹ ਵਿਅਕਤੀ ਜਿਸਨੇ ਪ੍ਰਾਇਮਰੀ ਬੈਂਕ ਦੀ ਮੈਂਬਰਸ਼ਿਪ ਲਈ ਦਰਖਾਸਤ ਦਿੱਤੀ ਹੋਵੇ ।

ਉਦੇਸ਼ :

5. ਪ੍ਰਾਇਮਰੀ ਬੈਂਕ ਦੇ ਉਦੇਸ਼ ਇਸ ਦੇ ਮੈਂਬਰਾਂ ਦੇ ਆਰਥਿਕ ਹਿੱਤਾਂ ਨੂੰ ਬੜ੍ਹਾਵਾ ਦੇਣਾ ਅਤੇ ਵਿਸ਼ੇਸ਼ ਕਰਕੇ ਦਰਜਾ ਅੱਵਲ ਸ਼੍ਰੇਣੀ ਦੇ ਮੈਂਬਰਾਂ ਨੂੰ ਨਿਮਨਲਿਖਤ ਕਿਸੇ ਇਕ ਨਾ ਇਕ

Created with Print2PDF. To remove this line, buy a license at: http://www.software602.com/

ਮੰਤਵ ਲਈ ਅਚੱਲ ਜਾਇਦਾਦ ਦੀ ਜਮਾਨਤ ਵਿਰੁੱਧ ਲੰਬੀ ਮਿਆਦ ਦੇ ਕਰਜੇ ਦੀਆਂ ਸਹੂਲਤਾਂ ਮੁਹੱਈਆ ਕਰਨਾ ਹੋਵੇਗਾ :-

(i) ਵਾਹੀਯੋਗ ਸਾਧਾਰਨ ਜਮੀਨ ਤੇ ਰਹਿਣਨਾਮਿਆਂ ਤੋਂ ਛੁੱਟਕਾਰਾ ਦਿਵਾਉਣਾ ।

(ii) ਖੇਤੀ ਕਰਨ ਲਈ ਜਮੀਨ ਦੀ ਖਰੀਦ ਕਰਨਾ ;

(iii) ਆਮ ਖੂਹਾਂ ਅਤੇ ਟਿਊਬਵੈਂਲਾਂ ਦੀ ਉਸਾਰੀ ਅਤੇ ਮੁਰੰਮਤ ;

(iv) ਧਰਤੀ ਹੇਠੋਂ ਪਾਣੀ ਚੁਕਣ ਵਾਲੇ ਪੰਪ ਅਤੇ ਹੋਰ ਉਪਕਰਣ ਲਗਾਉਣਾ ।

(v) ਚਾਰ-ਦਿਵਾਰੀਆਂ ਬਣਾਉਣਾ ।

(vi) ਜੰਗਲੀ ਜਾਨਵਰਾਂ ਤੋਂ ਬਚਾਅ ਕਰਨ ਲਈ ਵਾਹੀਯੋਗ ਭੂਮਿ ਦੁਆਲੇ ਵਾੜ ਲਗਾਉਣਾ ;

(vii) ਫਲਾਂ ਦੇ ਬਾਗਾਂ ਵਿਚ ਵਾਧਾ ਕਰਨਾ ;

(viii) ਬੰਜਰ ਜਮੀਨ ਨੂੰ ਵਾਹੀਯੋਗ ਬਣਾਉਣਾ ।

(ix) ਟਰੈਕਟਰ, ਇਸ ਦੇ ਸਹਾਇਕ ਔਜਾਰਾਂ ਅਤੇ ਖੇਤੀਬਾੜੀ ਨਾਲ ਸਬੰਧਤ ਹੋਰ ਸੰਦਾਂ ਦੀ ਖਰੀਦ ਜਾਂ ਮੁਰੰਮਤ ਕਰਨਾ ਜਿਵੇਂ ਫਸਲ (ਕਣਕ, ਧਾਨ) ਕੱਟਣ ਵਾਲੇ ਔਜਾਰ, ਕੁਲਹਾੜੀ (ਕੇਨ ਕਰੱਸ਼ਰ) ਛਾਂਣਨਾ ਮਸ਼ੀਨ (ਵਿਨੋਇੰਗ ਮਸ਼ੀਨ) ਚੌਲ ਛੰਡਨ ਵਾਲੇ ਔਜਾਰ ਆਦਿ । ਇਨ੍ਹਾਂ ਵਿਚ ਆਮ ਹੱਲ, ਲਕੜੀ ਦੇ ਗੱਡੇ ਆਦਿ ਵਰਗੇ ਸੰਦ ਜਾਂ ਔਜਾਰ ਸ਼ਾਮਲ ਨਹੀਂ ਹਨ ।

(x) ਗੁਦਾਮਾਂ ਅਤੇ ਪਸ਼ੂ ਸ਼ੈੱਡਾਂ (ਕੈਟਲ ਸ਼ੈੱਡਜ਼) ਦੀ ਉਸਾਰੀ ਕਰਨਾ ।

(xi) ਹੋਰ ਅਜਿਹੇ ਮੰਤਵ, ਜਿਵੇਂ ਭੂਮੀਂ ਦਾ ਸੁਧਾਰ, ਕਾਸ਼ਤਕਾਰੀ ਦੇ ਢੰਗ-ਤਰੀਕੇ, ਦਿਹਾਤੀ ਮਕਾਨਾਂ ਦੀ ਉਸਾਰੀ ਅਤੇ ਖਪਤਕਾਰੀ ਕਰਜੇ ਦੇਣਾ, ਜਿਵੇਂ ਬੋਰਡ ਦੁਆਰਾ ਸਮੇਂ ਸਮੇਂ ਤੇ ਮਨਜੂਰੀ ਦਿੱਤੀ ਜਾਵੇ ;

(xii) ਪੁਰਾਣੇ ਕਰਜਿਆਂ ਦਾ ਨਿਪਟਾਰਾ ਕਰਨਾ ;

(xiii) ਵੰਨ - ਸੁਵੰਨਤਾ, ਵਿਸ਼ੇਸ਼ ਵਿਕਾਸ ਅਤੇ ਗੈਰ-ਖੇਤੀ ਸੈਕਟਰ ਸਰਗਰਮੀਆਂ/ ਸਕੀਮਾਂ ਅਧੀਨ ਆਉਂਦੇ ਹੋਰ ਸਾਰੇ ਮੰਤਵ ਜਿਵੇਂ ਸਮੇਂ ਸਮੇਂ ਤੇ ਨਾਬਾਰਡ ਦੁਆਰਾ ਮਨਜੂਰੀ ਦਿੱਤੀ ਜਾਵੇ ।

(6) ਉਪਰੋਕਤ ਵਰਣਿਤ ਉਦੇਸ਼ਾਂ ਦੀ ਵੱਧ ਤੋਂ ਵੱਧ ਪ੍ਰਾਪਤੀ ਲਈ ਪ੍ਰਾਇਮਰੀ ਬੈਂਕ ਦਾ ਮੈਂਬਰ ਵੀ ਬਣ ਸਕਦੀ ਹੈ ।

Created with Print2PDF. To remove this line, buy a license at: http://www.software602.com/

(7) (ੳ) ਉਪ-ਨਿਯਮ-7 ਵਿਚ ਦਰਜ ਕੋਈ ਵੀ ਚੀਜ ਕਿਸੇ ਉਨ੍ਹਾਂ ਵਿਅਕਤੀਆਂ ਤੇ ਲਾਗੂ ਨਹੀਂ ਹੋਵੇਗੀ ਜਿਹੜੇ ਪੰਜਾਬ ਕੋਆਪ੍ਰੇਟਿਵ ਲੈਂਡ ਮਾਰਗੇਜ ਐਕਟ 1957 ਦੀ ਧਾਰਾ 11-ਅ ਦੇ ਉਪਬੰਧਾਂ ਅਧੀਨ ਆਪਣੇ ਆਪ (ਇਪਸੋ ਫੈਕਟੋ) ਮੈਂਬਰ ਬਣ ਜਾਂਦੇ ਹਨ ।

(ਅ) ਉਪ-ਨਿਯਮ-8 ਦੇ ਉਪਬੰਧਾਂ ਅਧੀਨ, ਪ੍ਰਾਇਮਰੀ ਬੈਂਕ ਦੇ ਸ਼੍ਰੇਣੀ ਅੱਵਲ ਮੈਂਬਰਾਂ ਵੱਜੋਂ ਦਾਖਲੇ ਲਈ ਨਿਮਨ ਲਿਖਤ ਯੋਗ ਹੋਣਗੇ :-

(i) ਸੈਂਟਰਲ ਕੋਆਪ੍ਰੇਟਿਵ ਬੈਂਕ ।

(ii) ਕੋਆਪ੍ਰੇਟਿਵ ਫਾਰਮਿੰਗ ਸੁਸਾਇਟੀਜ, ਟਿਊਬਵੈਲ ਇਰੀਗੇਸ਼ਨ ਕੋਆਪ੍ਰੇਟਿਵ ਅਤੇ ਅਜਿਹੀਆਂ ਹੋਰ ਕਿਸਮ ਦੀਆਂ ਸਹਿਕਾਰੀ ਸਭਾਵਾਂ ਜਿਨ੍ਹਾਂ ਨੂੰ ਰਜਿਸਟਰਾਰ ਦੁਆਰਾ ਮੰਜੂਰੀ ਦਿੱਤੀ ਜਾਵੇ ।

(iii) ਉਹ ਵਿਅਕਤੀ ਜਿਹੜੇ :-

(ੳ) ਪ੍ਰਾਇਮਰੀ ਬੈਂਕ ਦੇ ਕੰਮ-ਕਾਰ ਵਾਲੇ ਖੇਤਰ ਵਿਚ ਸਧਾਰਣ ਤੌਰ ਤੇ ਰਹਿੰਦੇ ਹੋਣ ।

(ਅ) ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ ਅਤੇ ਜਿਨ੍ਹਾਂ ਦਾ ਦਿਮਾਗੀ ਤਵਾਜਨ ਠੀਕ ਹੋਵੇ; ਅਤੇ

(ੲ) ਪ੍ਰਾਇਮਰੀ ਬੈਂਕ ਦੇ ਕਾਰੋਬਾਰੀ ਖੇਤਰ ਦੇ ਅੰਦਰ ਖੇਤੀਬਾੜੀ ਭੂਮਿ ਦੇ ਮਾਲਕ ਜਾਂ ਕਾਸਤਕਾਰ ਹੋਣ ਜਾਂ ਭੂਮਿਹੀਣ ਖੇਤੀ ਮਜਦੂਰ ਹੋਣ ।

8. ਅਜਿਹਾ ਕੋਈ ਵਿਅਕਤੀ ਪ੍ਰਾਇਮਰੀ ਬੈਂਕਾਂ ਦੇ ਏ-ਸ਼੍ਰੇਣੀ ਦੇ ਮੈਂਬਰ ਵੱਜੋਂ ਦਾਖਲੇ ਦੇ ਯੋਗ ਨਹੀਂ ਹੋਵੇਗਾ ਜੇਕਰ ਉਸਨੇ :-

(ੳ) ਦਿਵਾਲੀਏਪਣ ਲਈ ਅਪਲਾਈ ਕੀਤਾ ਹੋਵੇ ; ਜਾਂ

(ਅ) ਉਸਨੂੰ ਦਿਵਾਲੀਆ ਕਰਾਰ ਦਿੱਤਾ ਹੋਵੇ ; ਜਾਂ

(ੲ) ਉਸਨੂੰ ਕਿਸੇ ਅਪਰਾਧ ਵਿਚ ਸਜਾ ਹੋਈ ਹੋਵੇ ; ਜਾਂ

(ਸ) ਉਹ ਮੈਂਬਰ ਵੱਜੋਂ ਉਸਦੇ ਦਾਖਲੇ ਦੀ ਮਿਤੀ ਤੋਂ ਬਾਅਦ 5 ਸਾਲਾਂ ਦੇ ਅੰਦਰ ਬੇਈਮਾਨੀ ਵਿਚ ਸ਼ਾਮਲ ਹੋਵੇ ਜਾਂ ਨੈਤਿਕੱਤਾ ਪੱਖੋਂ ਗਿਰ ਜਾਵੇ ।

Created with Print2PDF. To remove this line, buy a license at: http://www.software602.com/

9. ਨਿਮਨਲਿਖਤ ਵਿਅਕਤੀ ਪ੍ਰਾਇਮਰੀ ਬੈਂਕਾਂ ਦੇ ਦਰਜਾ-ਬੀ ਸ਼੍ਰੇਣੀ ਵੱਜੋਂ ਦਾਖਲੇ ਲਈ ਯੋਗ ਹੋਣਗੇ :-

(ੳ) ਏ-ਕਲਾਸ ਮੈਂਬਰਾਂ ਦੇ ਸਾਂਝੀਦਾਰ (ਕੋ-ਪਾਰਟਨਰਜ) ਪਰਸਪਰ ਹਿੱਸੇਦਾਰ (ਕੋ-ਸ਼ੇਅਰਰਜ), ਪੂਰਵਜ (ਐਸਿਡੈਂਟ) ਜਾਂ ਵਾਰਸ (ਡਿਸਿਡੈਂਟ) ।

(ਅ) ਏ-ਸ਼੍ਰੇਣੀ ਦੇ ਮੈਂਬਰ ਦੀ ਜਾਇਦਾਦ ਤੇ ਜਾਂ ਵਿਚ ਹੱਕ, ਦਾਅਵਾ (ਟਾਈਟਲ) ਜਾਂ ਦਿਲਚਸਪੀ ਰਖਦਾ ਵਿਅਕਤੀ ।

ਬਸ਼ਰਤੇ ਕਿ ਐਪਰ ;

(1) ਉਹ 18 ਸਾਲ ਦੀ ਉਮਰ ਤੋਂ ਘੱਟ ਨਾ ਹੋਵੇ ।

(2) ਉਨ੍ਹਾਂ ਨੇ ਦੀਵਾਲੀਆਪਨ ਲਈ ਦਰਖਾਸਤ ਨਾ ਦਿੱਤੀ ਹੋਵੇ ।

(3) ਉਨ੍ਹਾਂ ਨੂੰ ਦੀਵਾਲੀਏ ਵੱਜੋਂ ਕਰਾਰ ਨਾ ਦਿੱਤਾ ਗਿਆ ਹੋਵੇ ;

10. ਕਿਸੇ ਹੋਰ ਉਪ-ਨਿਯਮ ਦੇ ਉਪਬੰਦ ਦੇ ਹੁੰਦਿਆਂ ਹੋਇਆਂ ਵੀ ਰਾਜ ਸਰਕਾਰ ਪ੍ਰਾਇਮਰੀ ਬੈਂਕ ਦੀ ਹਿੱਸਾ ਪੂੰਜੀ (ਸ਼ੇਅਰ ਕੈਪੀਟਲ) ਵਿਚ ਹਿੱਸਾ ਪਾ ਸਕਦੀ ਹੈ । ਇਸ ਤਰ੍ਹਾਂ ਹਿੱਸੇ ਵਜੋਂ ਪਾਈ ਗਈ ਹਿੱਸਾ ਪੂੰਜੀ ਨੂੰ ਅਜਿਹੇ ਸਮੇਂ ਅਤੇ ਢੰਗ ਵਿਚ ਵਾਪਸ ਲਿਆ ਜਾਵੇਗਾ ਜਿਵੇਂ ਰਾਜ ਸਰਕਾਰ ਸਮੇਂ ਸਮੇਂ ਤੇ ਨਿਸਚਿਤ ਕਰੇ ।

11. ਏ-ਸ਼੍ਰੇਣੀ ਮੈਂਬਰਸ਼ਿਪ ਅਤੇ ਸ਼ੇਅਰ ਅਲਾਟ ਕਰਨ ਲਈ ਦਰਖਾਸਤ ਇਕ ਨਿਸਚਿਤ ਫਾਰਮ ਵਿਚ ਪ੍ਰਾਇਮਰੀ ਬੈਂਕ ਦੇ ਮੈਨੇਜਰ ਨੂੰ ਸੰਬੋਧਨ ਕੀਤੀ ਜਾਵੇਗੀ । ਅਜਿਹੀ ਹਰੇਕ ਦਰਖਾਸਤ, ਦਾ ਨਿਪਟਾਰਾ ਪ੍ਰਾਇਮਰੀ ਬੈਂਕ ਦੀ ਕਮੇਟੀ ਦੁਆਰਾ ਕੀਤਾ ਜਾਵੇਗਾ । ਜੇਕਰ ਕਮੇਟੀ ਕਿਸੇ ਵਿਅਕਤੀ ਨੂੰ ਦਾਖਲ ਕਰਨ ਤੋਂ ਮਨ੍ਹਾਂ ਕਰੇ ਤਾਂ ਇਹ ਅਜਿਹੀ ਮਨਾਹੀ ਲਈ ਕਾਰਣ ਰਿਕਾਰਡ ਕਰੇਗੀ ਅਤੇ ਸਬੰਧਿਤ ਵਿਅਕਤੀ ਨੂੰ ਇਸਦੀ ਸੂਚਨਾ ਦਿੱਤੀ ਜਾਵੇਗੀ । ਕੋਈ ਵਿਅਕਤੀ ਜਿਸਨੂੰ ਦਾਖਲੇ ਤੋਂ ਮਨਾਹੀ ਕੀਤੀ ਗਈ ਹੋਵੇ, ਮਨਾਹੀ ਦੀ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅੰਦਰ ਰਜਿਸਟਰਾਰ ਅੱਗੇ ਅਪੀਲ ਕਰ ਸਕਦਾ ਹੈ । ਅਜਿਹੀ ਅਪੀਲ ਤੇ ਰਜਿਸਟਰਾਰ ਦਾ ਫੈਸਲਾ ਅੰਤਿਮ ਹੋਵੇਗਾ ।

11-ੳ ਕਿਸੇ ਹੋਰ ਉਪ-ਨਿਯਮ ਦੇ ਹੁੰਦਿਆਂ ਹੋਇਆਂ ਦੀ ਪ੍ਰਾਇਮਰੀ ਬੈਂਕ ਦੇ ਕਾਰੋਬਾਰੀ ਖੇਤਰ ਨਾਲ ਸਬੰਧਤ ਸਟੇਟ ਬੈਂਕ ਦੇ ਸਾਰੇ ਮੈਂਬਰ ਪ੍ਰਾਇਮਰੀ ਬੈਂਕ ਦੀ ਰਜਿਸਟਰੇਸ਼ਨ ਦੀ ਮਿਤੀ ਤੋਂ ਇਸ ਦੇ ਦਰਜਾ - ਏ ਜਾਂ ਬੀ ਮੈਂਬਰ, ਜਿਹੋ ਜਿਹੀ ਵੀ ਸੂਰਤ ਹੋਵੇ, ਵਜੋਂ ਮੈਂਬਰ ਬਣ ਗਏ

Created with Print2PDF. To remove this line, buy a license at: http://www.software602.com/

ਸਮਝੇ ਜਾਣਗੇ । ਅਜਿਹੇ ਮੈਂਬਰਾਂ ਦੇ ਸ਼ੇਅਰ ਆਪਣੇ ਆਪ ਪ੍ਰਾਇਮਰੀ ਬੈਂਕ ਵਿਚ ਨਿਵੇਸ਼ ਕੀਤੇ ਗਏ ਸਮਝੇ ਜਾਣਗੇ । ਇਸ ਤਰ੍ਹਾਂ ਤਬਦੀਲ ਕੀਤੀ ਗਈ ਰਮਕਮ ਸਟੇਟ ਬੈਂਕ ਦੇ ਸ਼ੇਅਰਾਂ ਵਿਚ ਪ੍ਰਾਇਮਰੀ ਬੈਂਕ ਦੁਆਰਾ ਉਸੇ ਸਮੇਂ ਨਿਵੇਸ਼ ਕੀਤੀ ਗਈ ਸਮਝੀ ਜਾਵੇਗੀ ।

12. ਬੀ-ਸ਼੍ਰੇਣੀ ਮੈਂਬਰਸ਼ਿਪਾ ਲਈ ਦਰਖਾਸਤ ਨਿਸ਼ਚਿਤ ਫਾਰਮ ਵਿਚ ਮੈਨੇਜਰ ਨੂੰ ਸੰਬੋਧਨ ਕੀਤੀ ਜਾਵੇਗੀ । ਅਜਿਹੀ ਹਰ ਇਕ ਦਰਖਾਸਤ ਮੈਨੇਜਰ ਦੁਆਰਾ ਨਿਪਟਾਈ ਜਾਵੇਗੀ ।

13. ਪ੍ਰਾਇਮਰੀ ਬੈਂਕ ਦੇ ਕਿਸੇ ਵੀ ਮੈਂਬਰ ਨੂੰ ਨਿਮਨਲਿਖਤ ਕਿਸੇ ਇਕ ਜਾਂ ਵੱਧ ਕਾਰਨਾਂ ਬਦਲੇ ਹਟਾਇਆ ਜਾ ਸਕਦਾ ਹੈ :-

(i) ਦੀਵਾਲੀਏਪਣ ਦੀ ਦਰਖਾਸਤ ਦੇਣ ਤੇ ;

(ii) ਅਜਿਹੀ ਕੋਈ ਵੀ ਕਾਰਵਾਈ ਕਰਨ ਤੇ, ਜੋ ਕਮੇਟੀ ਦੁਆਰਾ ਬੇਇਮਾਨੀ ਵੱਜੋਂ ਜਾਂ ਪ੍ਰਾਇਮਰੀ ਬੈਂਕ ਜਾਂ ਸਟੇਟ ਬੈਂਕ ਦੇ ਹਿੱਤ ਜਾਂ ਵਕਾਰ ਦੇ ਉਲਟ ਠਹਿਰਾਈ ਜਾਵੇ ।

14. ਕਿਸੇ ਵੀ ਮੈਂਬਰ ਨੂੰ ਆਮ ਸਭਾ ਦੀ ਮੀਟਿੰਗ ਦੇ ਦੋ-ਤਿਹਾਈ ਬਹੂਮਤ ਰਾਹੀਂ ਪਾਸ ਕੀਤੇ ਕਿਸੇ ਮਤੇ ਤੋਂ ਸਿਵਾਏ ਘਟਾਇਆ ਨਹੀਂ ਜਾਵੇਗਾ । ਜਨਰਲ ਬਾਡੀ ਕਿਸੇ ਮੈਂਬਰ ਨੂੰ ਬਰਖਾਸਤ ਕਰਨ ਦੇ ਕਾਰਨ ਰਿਕਾਰਡ ਕਰੇਗਾ ਅਤੇ ਸਬੰਧਤ ਮੈਂਬਰ ਨੂੰ ਇਸ ਬਾਰੇ ਸੂਚਿਤ ਕਰੇਗਾ । ਉਸ ਮੈਂਬਰ ਨੂੰ ਆਪਣੀ ਬਰਖਾਸਤਗੀ ਸਬੰਧੀ ਫੈਸਲੇ ਦੀ ਸੂਚਨਾ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਅੰਦਰ ਰਜਿਸਟਰਾਰ ਅੱਗੇ ਅਪੀਲ ਕਰਨ ਦਾ ਹੱਕ ਹੋਵੇਗਾ । ਅਜਿਹੀ ਅਪੀਲ ਤੇ ਰਜਿਸਟਰਾਰ ਦਾ ਫੈਸਲਾ ਪ੍ਰਾਇਮਰੀ ਬੈਂਕ ਅਤੇ ਅਪੀਲ ਕਰਤਾ ਲਈ ਲਾਜਮੀ ਹੋਵੇਗਾ ।

15. ਪ੍ਰਾਇਮਰੀ ਬੈਂਕ ਦੀ ਮੈਂਬਰਸ਼ਿਪ ਨਿਮਨਲਿਖਤ ਇਕ ਜਾਂ ਵੱਧ ਹਾਲਾਤ ਅਧੀਨ ਸਮਾਪਤ ਕੀਤੀ ਜਾਵੇਗੀ :-

(i) ਮੌਤ ਹੋ ਜਾਣ ਦੀ ਵਜਾਹ ਕਾਰਣ ;

(ii) ਘੱਟ ਤੋਂ ਘੱਟ ਇਕ ਮੁਕੰਮਲ ਸ਼ੇਅਰ ਰਖਣ ਤੋਂ ਹਟਣ ਕਾਰਨ ;

(iii) ਪੱਕੇ ਤੌਰ ਤੇ ਪਾਗਲ ਹੋ ਜਾਣ ਕਾਰਨ ;

(iv) ਪ੍ਰਾਇਮਰੀ ਬੈਂਕ ਦੇ ਮੈਨੇਜਰ ਨੂੰ ਛੇ ਮਹੀਨਿਆਂ ਦਾ ਨੋਟਿਸ ਦੇਣ ਤੋਂ ਬਾਅਦ ਮੈਂਬਰਸ਼ਿਪ ਵਾਪਸ ਲੈ ਲੈਣ ਕਾਰਣ ਬਸ਼ਰਤੇ ਕਿ ਉਸ ਮੈਂਬਰ ਸਿਰ ਪ੍ਰਾਇਮਰੀ ਬੈਂਕ ਦਾ ਕੋਈ ਕਰਜਾ ਨਾ ਹੋਵੇ ਅਤੇ ਉਸ ਨੇ ਕਿਸੇ ਨਾ ਵਾਪਸ ਕੀਤੇ ਗਏ ਕਰਜੇ ਲਈ ਜਮਾਨਤ ਨਾ

Created with Print2PDF. To remove this line, buy a license at: http://www.software602.com/

ਦਿੱਤੀ ਹੋਈ ਹੋਵੇ ਅਤੇ ਹੋਰ ਇਹ ਕਿ ਮੈਂਬਰ ਦੁਆਰਾ ਰੱਖੇ ਗਏ ਸ਼ੇਅਰ/ਸ਼ੇਅਰਾਂ ਦਾ ਇਨ੍ਹਾਂ ਉਪ ਨਿਯਮਾਂ ਦੇ ਉਪਬੰਧਾਂ ਅਨੁਸਾਰ ਨਿਪਟਾਰਾ ਕਰ ਦਿੱਤਾ ਗਿਆ ਹੋਵੇ ।

(v) ਕਿਸੇ ਸਬੰਧਤ ਸੁਸਾਇਟੀ ਦੀ ਰਜਿਸਟ੍ਰੇਸ਼ਨਹ ਰੱਦ ਹੋਣ ਤੇ ;

(vi) ਬੇਇਮਾਨੀ ਜਾਂ ਨੈਤਿਕਤਾ ਵੱਜੋਂ ਗਿਰਾਵਟ ਆਉਣ ਵਿਚ ਸ਼ਾਮਲ ਹੋਣ ਦੇ ਫੌਜਦਾਰੀ ਜੁਰਮ ਵਿਚ ਦੋਸ਼ੀ ਠਹਿਰਾਇਆ ਜਾਣ ਤੇ ।

(vii) ਸ਼ੇਅਰਮਨੀ ਜਾਂ ਵਸੂਲੀ ਆਦਿ ਕਰਨ ਲਈ ਪਾਏ ਗਏ ਖਰਚੇ ਦੀ ਰਕਮ, ਜੇਕਰ ਕੋਈ ਹੋਵੇ, (ਕਰਜੇ ਅਤੇ ਵਿਆਜ ਦੀ ਰਕਮ ਤੋਂ ਇਲਾਵਾ) ਬਾਕੀ ਦਾ (ਡਿਫਾਲਟਰ) ਮੈਂਬਰ ਨੂੰ ਅਜਿਹੀ ਰਕਮ ਲਈ ਨੋਟਿਸ ਜਾਰੀ ਕਰਨ ਦੀ ਮਿਤੀ ਤੋਂ 30 ਦਿਨਾਂ ਦੇ ਸਮੇਂ ਦੇ ਅੰਦਰ ਅੰਦਰ ਅਦਾ ਕਰਨ ਵਿਚ ਅਸਫਲ ਰਹਿਣ ਤੇ ;

16. ਮੈਂਬਰ ਬਣਨ ਤੇ ਸ਼੍ਰੇਣੀ-ਏ ਦਾ ਹਰ ਇਕ ਮੈਂਬਰ ਦਾਖਲਾ ਫੀਸ ਵਜੋਂ 5/- ਰੁਪਏ ਅਤੇ ਸ਼੍ਰੇਣੀ-ਬੀ ਦਾ ਹਰੇਕ ਮੈਂਬਰ 2/- ਰੁਪਏ ਦਾਖਲਾ ਫੀਸ ਵਜੋਂ ਅਦਾ ਕਰੇਗਾ ਜੋ ਵਾਪਸ ਨਹੀਂ ਹੋਵੇਗੀ।

ਔਪਰ ਇਹ ਕਿ ਉਨ੍ਹਾਂ ਵਿਅਕਤੀਆਂ ਤੋਂ ਦਾਖਲਾ ਫੀਸ, ਜਿਹੜੇ ਪੰਜਾਬ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕਸ ਐਕਟ, 1957 ਦੀ ਧਾਰਾ 11-ਅ ਦੇ ਉਪਬੰਧਾਂ ਅਧੀਨ ਆਪਣੇ ਆਪ ਮੈਂਬਰ ਬਣੇ ਹੋਣ, ਉਸ ਧਾਰਾ ਦੇ ਉਪਬੰਧਾਂ ਅਨੁਸਾਰ ਵਸੂਲ ਕੀਤੀ ਜਾਵੇਗੀ ।

17. ਸ਼੍ਰੇਣੀ-ਏ ਦਾ ਕੋਈ ਵੀ ਮੈਂਬਰ ਆਪਣੇ ਸ਼ੇਅਰ ਜਾਂ ਸ਼ੇਅਰਾਂ ਜਾਂ ਉਨ੍ਹਾਂ ਦੇ ਸਬੰਧ ਵਿਚ ਕੋਈ ਤਬਦੀਲੀ ਕਮੇਟੀ ਦੀ ਅਗੇਤੀ ਪਰਵਾਨਗੀ ਤੋਂ ਸਿਵਾਏ, ਸ਼੍ਰੇਣੀ-ਏ ਦੇ ਕਿਸੇ ਦੂਜੇ ਮੈਂਬਰ ਜਾਂ ਵਿਅੱਕਤੀ ਦੇ ਹੱਕ ਵਿਚ ਨਹੀਂ ਕਰੇਗਾ । ਅਜਿਹੇ ਸਾਰੇ ਕੇਸਾਂ ਵਿਚ ਟਰਾਂਸਫਰ ਕਰਤਾ ਦੁਆਰਾ ਪ੍ਰਾਇਮਰੀ ਬੈਂਕ ਨੂੰ 1/- ਰੁਪਏ ਪ੍ਰਤੀ ਸ਼ੇਅਰ ਟਰਾਂਸਫਰ ਫੀਸ ਅਦਾ ਕੀਤੀ ਜਾਵੇਗੀ ।

18. (ੳ) ਕਿਸੇ ਸਹਿਕਾਰੀ ਸਭਾ ਤੋਂ ਇਲਾਵਾ ਪ੍ਰਾਇਮਰੀ ਬੈਂਕ ਦਾ ਸ਼੍ਰੇਣੀ-ਏ ਦਾ ਹਰੇਕ ਮੈਂਬਰ ਕਿਸੇ ਵਿਅਕਤੀ ਜਾਂ ਵਿਅਕਤੀਆਂ ਨੂੰ ਨਾਮਜਦ ਕਰੇਗਾ ਜਿਸ/ਜਿਨ੍ਹਾਂ ਨੂੰ ਉਸ ਦੀ ਮੌਤ ਹੋ ਜਾਣ ਤੇ, ਉਸ ਦੇ ਸ਼ੇਅਰ ਜਾਂ ਵਿਆਜ ਵਿਚੋਂ ਅਜਿਹੀ ਰਕਮ, ਜਿਵੇਂ ਸ਼੍ਰੇਣੀ-ਏ ਮੈਂਬਰ ਦੁਆਰਾ ਨਿਸ਼ਚਿਤ ਕੀਤੀ ਗਈ ਹੋਵੇ, ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਦੀ ਧਾਰਾ 21 ਵਿੱਚ ਵਰਣਿਤ ਸ਼ੇਅਰ ਜਾਂ ਵਿਆਜ ਵਜੋਂ ਤਬਦੀਲ ਜਾਂ ਅਦਾ ਕੀਤੀ ਜਾਵੇਗੀ।

Created with Print2PDF. To remove this line, buy a license at: http://www.software602.com/

(ਅ) ਅਜਿਹੀ ਨਾਮਜਦਗੀ ਸ਼੍ਰੇਣੀ-ਏ ਮੈਂਬਰ ਦੁਆਰਾ ਸਮੇਂ ਸਮੇਂ ਤੇ ਰੱਦ ਜਾਂ ਤਬਦੀਲ ਵੀ ਕੀਤੀ ਜਾ ਸਕਦੀ ਹੈ ।

(ੲ) ਅਜਿਹੇ ਵਿਅਕਤੀਆਂ ਦੀ ਗਿਣਤੀ ਜਿਹੜੇ ਸ਼੍ਰੇਣੀ-ਏ ਮੈਂਬਰ ਦੁਆਰਾ ਨਾਮਜਦ ਕੀਤੇ ਜਾਣ, ਅਜਿਹੇ ਮੈਂਬਰ ਦੁਆਰਾ ਰੱਖੇ ਗਏ ਸ਼ੇਅਰਾਂ ਦੀ ਗਿਣਤੀ ਤੋਂ ਵੱਧ ਨਹੀਂ ਹੋਵੇਗੀ ।

(ਸ) ਜਿਥੇ ਪ੍ਰਾਇਮਰੀ ਬੈਂਕ ਦਾ ਸ਼੍ਰੇਣੀ-ਏ ਦਾ ਕੋਈ ਮੈਂਬਰ ਇਕ ਤੋਂ ਵੱਧ ਮੈਂਬਰ ਨਾਮਜਦ ਕਰਦਾ ਹੈ ਉਥੇ ਉਹ, ਜਿਥੋਂ ਤਕ ਸੰਭਵ ਹੋ ਸਕੇ ਸਾਰੇ ਸ਼ੇਅਰਾਂ ਅਤੇ ਉਨ੍ਹਾਂ ਦੇ ਬਣਦੇ ਵਿਆਜ ਦੇ ਹਵਾਲੇ ਨਾਲ ਨਾਮਜਦ ਕੀਤੇ ਗਏ ਵਿਅਕਤੀ/ਵਿਅਕਤੀਆਂ ਨੂੰ ਅਦਾ ਜਾਂ ਤਬਦੀਲ ਕੀਤੀ ਜਾਣ ਵਾਲੀ ਰਕਮ ਨਿਸ਼ਚਿਤ ਕਰੇਗਾ ।

(ਹ) ਪ੍ਰਾਇਮਰੀ ਬੈਂਕ ਦੁਆਰਾ ਨਾਮਜਦਗੀ ਦਾ ਰਿਕਾਰਡ ਅਜਿਹੇ ਢੰਗ, ਜਿਵੇਂ ਰਜਿਸਟਰਾਰ ਦੁਆਰਾ ਸਮੇਂ ਸਮੇਂ ਤੇ ਨਿਸ਼ਚਿਤ ਕੀਤਾ ਜਾਵੇ, ਵਿ ਰੱਖਿਆ ਜਾਵੇਗਾ ।

(ਕ) ਨਾਮਜਦ ਕੀਤੇ ਗਏ ਵਿਅਕਤੀ ਜਾਂ ਵਿਅਕਤੀਆਂ ਨੂੰ ਤਬਦੀਲ ਜਾਂ ਅਦਾ ਕੀਤੇ ਗਏ ਸ਼ੇਅਰ ਜਾਂ ਵਿਆਜ ਦੀ ਕੀਮਤ ਸ਼੍ਰੇਣੀ-ਏ ਮੈਂਬਰ ਦੁਆਰਾ ਅਜਿਹੇ ਸ਼ੇਅਰ ਜਾਂ ਵਿਆਜ ਪ੍ਰਾਪਤ ਕਰਨ ਲਈ ਅਸਲ ਵਿਚ ਅਦਾ ਕੀਤੀ ਗਈ ਰਕਮ ਦੇ ਆਧਾਰ ਤੇ ਨਿਸ਼ਚਿਤ ਕੀਤੀ ਜਾਵੇਗੀ ।

ਦੇਣਦਾਰੀ (ਲਾਈ ਬਿਲਟੀ)

19. ਕਿਸੇ ਪ੍ਰਾਇਮਰੀ ਬੈਂਕ ਦੇ ਬੰਦ ਹੋ ਜਾਣ ਦੀ ਸੂਰਤ ਵਿਚ ਘਾਟਾ ਪੂਰਾ ਕਰਨ ਲਈ ਸ਼੍ਰੇਣੀ-ਏ ਦੇ ਹਰ ਇਕ ਮੈਂਬਰ ਦੀ ਦੇਣਦਾਰੀ, ਅਦਾ ਕੀਤੀ ਗਈ ਹਿੱਸਾ ਪੂੰਜੀ ਦੇ ਪੰਜ ਗੁਣਾ ਤਕ ਸੀਮਿਤ ਹੋਵੇਗੀ ।

20. ਪ੍ਰਾਇਮਰੀ ਬੈਂਕ ਦੇ ਫੰਡ : ਨਿਮਨਲਿਖਤ ਰਾਹੀਂ ਇਕੱਠੇ ਕੀਤੇ ਜਾਣਗੇ :-

(i) ਸ਼ੇਅਰ ;

(ii) ਸਟੇਟ ਬੈਂਕ ਤੋਂ ਕਰਜੇ ;

(iii) ਗਰਾਂਟਾਂ, ਸਬ-ਸਿਡੀਜ (ਉਪ ਦਾਨ) ਅਤੇ ਫੀਸਾਂ,

Created with Print2PDF. To remove this line, buy a license at: http://www.software602.com/

(iv) ਅਜਿਹੇ ਹੋਰ ਸਾਧਨ ਜੋ ਰਜਿਸਟਰਾਰ ਦੁਆਰਾ ਪ੍ਰਵਾਨ ਕੀਤੇ ਜਾਣ ;

21. ਪ੍ਰਾਇਮਰੀ ਬੈਂਕ ਦੀ ਅਧਿਕਾਰਤ ਹਿੱਸਾ ਪੂੰਜੀ (ਸ਼ੇਅਰ ਕੈਪੀਟਲ) 5,●●,●●,●●●/- ਰੁਪਏ ਹੋਵੇਗੀ ਅਤੇ ਇਸ ਵਿਚ 1●●/- ਰੁਪਏ ਪ੍ਰਤੀ ਸ਼ੇਅਰ ਦੀ ਕੀਮਤ ਦੇ 5,●●,●●● ਸ਼ੇਅਰ ਸ਼ਾਮਲ ਹੋਣਗੇ ।

22. ਏ-ਸ਼੍ਰੇਣੀ ਦਾ ਹਰੇਕ ਮੈਂਬਰ ਸ਼ੇਅਰ ਅਲਾਟ ਕੀਤੇ ਜਾਣ ਤੇ ਇਕੋ ਸਮੇਂ ਅਦਾ ਕੀਤੇ ਜਾਣ ਵਾਲਾ 1●●/- ਰੁਪਏ ਦੀ ਕੀਮਤ ਦੇ ਘੱਟ ਤੋਂ ਘੱਟ 5 ਸ਼ੇਅਰ ਖਰੀਦੇਗਾ । ਬੀ ਕਲਾਸ ਮੈਂਬਰ ਕੋਈ ਸ਼ੇਅਰ ਨਹੀਂ ਖਰੀਦੇਗਾ ।

23. ਏ-ਸ਼੍ਰੇਣੀ ਦਾ ਕੋਈ ਵੀ ਇਕਲਾ ਮੈਂਬਰ 5●,●●●/- ਰੁਪਏ ਜਾਂ ਅਸਲ ਵਿਚ ਅਦਾ ਕੀਤੀ ਗਈ ਹਿੱਸਾ ਪੂੰਜੀ (ਸ਼ੇਅਰ ਕੈਪੀਟਲ) ਦੇ 1/1●ਵਾਂ (ਦਸਵੇਂ) ਹਿੱਸੇ ਤੋਂ ਵੱਧ ਰਕਮ ਜੋ ਵੀ ਘੱਟ ਹੋਵੇ, ਦੇ ਸ਼ੇਅਰ ਨਹੀਂ ਖਰੀਦੇਗਾ । ਜੇਕਰ ਕਿਸੇ ਮੈਂਬਰ ਦੇ ਹਿੱਸੇ, ਇਸ ਉਪ-ਨਿਯਮ ਦੇ ਉਪਬੰਧ ਅਨੁਸਾਰ ਦਿੱਤੀ ਇਜਾਜਤ ਤੋਂ ਵਿਰਸੇ ਵਿਚ ਜਾਂ ਹੋਰਵੇਂ ਵੱਧ ਸ਼ੇਅਰ ਆ ਜਾਣ, ਤਾਂ ਕਮੇਟੀ ਨੂੰ ਵਾਧੂ ਸ਼ੇਅਰਾਂ ਨੂੰ ਵੇਚਣ ਜਾਂ ਪ੍ਰਾਇਮਰੀ ਬੈਂਕ ਵਲੋਂ ਇਨ੍ਹਾਂ ਨੂੰ ਖਰੀਦਣ ਅਤੇ ਅਜਿਹੇ ਮੈਂਬਰਾਂ ਦੇ ਨਿਪਟਾਰੇ ਲਈ ਵਿਕਰੀ ਵੱਟਕ ਨੂੰ ਰੱਖਣ ਦਾ ਅਧਿਕਾਰ ਹੋਵੇਗਾ ।

24. ਪ੍ਰਾਇਮਰੀ ਬੈਂਕ ਦੀ ਕਿਸੇ ਸਮੇਂ ਤੇ ਉਧਾਰ ਲੈਣ ਦੀ ਕੁੱਲ ਹਿੱਦ ਚੁੱਕਤਾ ਸ਼ੇਅਰ ਕੈਪੀਟਲ ਜਮ੍ਹਾਂ ਰਿਜਰਵ ਫੰਡ ਦੇ 6● ਗੁਣਾਂ ਤੋਂ ਵੱਧ ਨਹੀਂ ਹੋਵੇਗੀ ।

ਮੈਨੇਜਮੈਂਟ :

25. ਪ੍ਰਾਇਮਰੀ ਬੈਂਕ ਦਾ ਪ੍ਰਬੰਧ ਕਮੇਟੀ ਨੂੰ ਨਿਹਿਤ ਹੋਵੇਗਾ । ਕਮੇਟੀ ਵਿਚ ਨਿਮਨਲਿਖਤ ਢੰਗ ਵਿਚ ਗਠਿਤ ਕੀਤੇ ਗਏ ਅਨੁਸਾਰ 8 (ਅੱਠ) ਮੈਂਬਰ ਹੋਣਗੇ :-

i) ਮੈਂਬਰਾਂ ਅਤੇ ਸਮੂਹ ਮੈਂਬਰਾਂ (ਜਨਰਲ ਬਾਡੀ) ਦੁਆਰਾ ਸੁਸਾਇਟੀ-ਮੈਂਬਰਾਂ ਦੇ ਪ੍ਰਤੀਨਿਧੀਆਂ ਵਿਚੋਂ ਚੁਣੇ ਗਏ ਛੇ ਡਾਇਰੈਕਟਰ ।

ii) ਸਟੇਟ ਬੈਂਕ ਦਾ ਇਕ ਪ੍ਰਤੀਨਿਧ ;

iii) ਰਜਿਸਟਰਾਰ ਦਾ ਇਕ ਪ੍ਰਤੀਨਿਧ ;

Created with Print2PDF. To remove this line, buy a license at: http://www.software602.com/

26. ਅਜਿਹਾ ਕੋਈ ਵੀ ਵਿਅੱਕਤੀ ਪ੍ਰਾਇਮਰੀ ਬੈਂਕ ਦੀ ਕਮੇਟੀ ਦੇ ਮੈਂਬਰ ਵਜੋਂ ਚੋਣ ਲਈ ਯੋਗ ਨਹੀਂ ਹੋਵੇਗਾ ਜਿਹੜਾ ;

ੳ) 21 ਸਾਲਾਂ ਦੀ ਉਮਰ ਤੋਂ ਘੱਟ ਹੋਵੇ ; ਜਾਂ

ਅ) ਪ੍ਰਾਇਮਰੀ ਬੈਂਕ ਜਾਂ ਕਿਸੇ ਵੀ ਮੈਂਬਰ ਸੁਸਾਇਟੀ ਦਾ ਤਨਖਾਹ ਲੈ ਰਿਹਾ ਕਰਮਚਾਰੀ ਹੋਵੇ ; ਜਾਂ

ੲ) ਜਿਸ ਨੇ ਦੀਵਾਲੀਏਪਨ ਲਈ ਅਪਲਾਈ ਕੀਤਾ ਹੋਵੇ ਜਾਂ ਦੀਵਾਲੀਆ ਕਰਾਰ ਦਿੱਤਾ ਗਿਆ ਹੋਵੇ ; ਜਾਂ

ਸ) ਜਿਸ ਦਾ ਦਿਮਾਗੀ ਤਵਾਜਨ ਠੀਕ ਨਾ ਹੋਵੇ ; ਜਾਂ

ਹ) ਉਸ ਨੇ ਪ੍ਰਾਇਮਰੀ ਬੈਂਕ ਜਾਂ ਕਿਸੇ ਹੋਰ ਸੁਸਾਇਟੀ ਨੂੰ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਦੇਣੇ ਬਣਦੇ ਕਰਜਿਆਂ ਦਾ ਭੁਗਤਾਨ ਨਾ ਕੀਤਾ ਹੋਵੇ ਜਾਂ

ਕ) ਉਹ ਪ੍ਰਾਇਮਰੀ ਬੈਂਕ ਨਾਲ ਕੀਤੇ ਕਿਸੇ ਠੇਕੇ ਵਿੱਚ ਜਾਂ ਪ੍ਰਾਈਵੇਟ ਤੌਰ ਜਾਂ ਨਿਲਾਮੀ ਰਾਹੀਂ ਪ੍ਰਾਇਮਰੀ ਬੈਂਕ ਦੁਆਰਾ ਕੀਤੀ ਗਈ ਵਿਕਰੀ ਜਾਂ ਖਰੀਦ ਵਿੱਚ ਸਿੱਧੇ ਤੌਰ ਤੇ ਜਾਂ ਅਸਿੱਧੇ ਤੌਰ ਤੇ ਰੁਚੀ ਰੱਖਦਾ ਹੋਵੇ ; ਜਾਂ

ਖ) ਉਹ ਕਿਸੇ ਉਸ ਸੁਸਾਇਟੀ ਦਾ ਪ੍ਰਤੀਨਿਧ ਹੈ ਜਿਹੜੀ ਕਿਸੇ ਵਿੱਤੀ ਸੰਸਥਾ ਨੂੰ ਤਿੰਨ ਮਹੀਨਿਆਂ ਦੇ ਸਮੇਂ ਤੋਂ ਵੱਧ ਸਮੇਂ ਤੋਂ ਦੇਣੇ ਵਾਪਸ ਕਰਨੇ ਕਰਜਿਆਂ ਦੀ ਅਦਾਇਗੀ ਕਰਨ ਵਿੱਚ ਬਾਕੀਦਾਰ ਹੋਵੇ ; ਜਾਂ

ਗ) ਜਿਹੜਾ ਕਾਰੋਬਾਰ ਬੰਦ ਕਰ ਰਹੀ ਸੁਸਾਇਟੀ ਦਾ ਪ੍ਰਤੀਨਿਧ ਹੋਵੇ ; ਜਾਂ

ਘ) ਜਿਹੜਾ ਪਿੱਛਲੇ ਸਹਿਕਾਰੀ ਸਾਲ ਦੌਰਾਨ ਬੈਂਕ ਦਾ ਕਰਜਦਾਰ ਨਾ ਹੋਵੇ ।

27) ਬੋਰਡ ਆਫ ਡਾਇਰੈਕਟਰਜ ਅਤੇ ਮੈਨੇਜਿੰਗ ਕਮੇਟੀ ਦੀ ਚੋਣ ਅਜਿਹੇ ਢੰਗ ਵਿੱਚ ਕੀਤੀ ਜਾਵੇਗੀ ਜਿਵੇਂ ਐਕਟ, ਨਿਯਮਾਂ, ਉਪ ਨਿਯਮਾਂ ਅਤੇ ਰਜਿਸਟਰਾਰ ਦੁਆਰਾ ਸਮੇਂ ਸਮੇਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਿੱਚ ਨਿਸ਼ਚਿਤ ਕੀਤਾ ਜਾਵੇ। ਚੁਣੇ ਗਏ ਬੋਰਡ/ਕਮੇਟੀ ਦੇ ਅਹੁੱਦੇ ਦੀ ਮਿਆਦ ਇਸ ਦੀ ਚੋਣ ਦੀ ਮਿਤੀ ਤੋਂ 5 ਸਾਲ ਹੋਵੇਗੀ।

28) ਹੋਰ ਅਹੁੱਦੇਦਾਰ ਬੋਰਡ ਆਫ ਡਾਇਰੈਕਟਰਜ/ਮੈਨੇਜਿੰਗ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਆਪਣੇ ਵਿਚੋ ਚੁਣੇ ਜਾਣਗੇ।

Created with Print2PDF. To remove this line, buy a license at: http://www.software602.com/

ਇਸ ਤਰ੍ਹਾਂ ਚੁਣੇ ਗਏ ਅਹੁੱਦੇਦਾਰਾਂ ਦੀ ਮਿਆਦ ਬੋਰਡ/ਕਮੇਟੀ ਦੀ ਮਿਆਦ ਨਾਲ ਖਤਮ ਹੋ ਜਾਵੇਗੀ। ਬਸ਼ਰਤੇ ਕਿ ਚੁਣੇ ਹੋਏ ਅਹੁੱਦੇਦਾਰਾਂ ਨੂੰ ਬੋਰਡ/ਕਮੇਟੀ ਦੇ ਚੁਣੇ ਹੋਏ ਕੁੱਝ ਮੈਂਬਰਾਂ ਦੇ 2/3 ਬੁਹਮਤ ਰਾਹੀਂ ਮਤਾ ਪਾਸ ਕਰਕੇ ਅਵਿਸ਼ਵਾਸ਼ ਵੋਟ ਰਾਹੀਂ ਅਹੁੱਦੇ ਤੋਂ ਹਟਾਇਆ ਜਾ ਸਕਦਾ ਹੈ।

ਨਾਮਜਦ ਕੀਤੇ ਹੋਏ ਮੈਂਬਰਾਂ ਨੂੰ ਅਹੁੱਦੇਦਾਰਾਂ ਦੀ ਚੋਣ ਜਾਂ ਬਰਖਾਸਤਗੀ ਵਿੱਚ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ।

29) i) ਕਮੇਟੀ ਦਾ ਚੁਣਿਆ ਹੋਇਆ ਮੈਂਬਰ ਉਸ ਸੂਰਤ ਵਿੱਚ ਅਹੁੱਦੇ ਤੇ ਨਹੀਂ ਰਹੇਗਾ, ਜੇਕਰ ਉਸ ਨੇ: -

ੳ) ਦੀਵਾਲੀਏਪਣ ਲਈ ਅਪਲਾਈ ਕੀਤਾ ਹੋਵੇ ; ਜਾਂ

ਅ) ਉਹ ਬੇਇਮਾਨੀ ਕਰਨ ਜਾਂ ਨੈਤਿਕ ਪੱਖੋ ਗਿਰ ਜਾਣ ਵਰਗੇ ਕਿਸੇ ਅਪਰਾਧ ਵਿੱਚ ਦੋਸ਼ੀ ਠਹਿਰਾਇਆ ਗਿਆ ਹੋਵੇ: ਜਾਂ

ੲ) ਉਹ ਦਿਮਾਗੀ ਤਵਾਜਨ ਗਵਾ ਬੈਠਾ ਹੋਵੇ ; ਜਾਂ

ਹ) ਉਹ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਲਈ ਪ੍ਰਾਇਮਰੀ ਬੈਂਕ ਜਾਂ ਕਿਸੇ ਹੋਰ ਸੁਸਾਇਟੀ ਨੂੰ ਅਦਾ ਕਰਨੀ ਬਣਦੀ ਕਰਜੇ ਦੀ ਅਦਾਇਗੀ ਕਰਨ ਵਿੱਚ ਬਾਕੀਦਾਰ (ਡਿਫਾਲਟਰ) ਹੋਵੇ ; ਜਾਂ

ਕ) ਅਸਤੀਫਾ ਦੇ ਦੇਵੇ ਅਤੇ ਉਸ ਦਾ ਅਸਤੀਫਾ ਕਮੇਟੀ ਦੁਆਰਾ ਸਵਿਕਾਰ ਕਰ ਲਿਆ ਗਿਆ ਹੋਵੇ ; ਜਾਂ

ਖ) ਪ੍ਰਾਇਮਰੀ ਬੈਂਕ ਨਾਲ ਹੋਏ ਕਿਸੇ ਠੇਕੇ ਜਾਂ ਪ੍ਰਾਇਮਰੀ ਬੈਂਕ ਜਾਂ ਸਟੇਟ ਬੈਂਕ ਦੁਆਰਾ ਕੀਤੀ ਗਈ ਕਿਸੇ ਸ਼ੇਅਰ ਖਰੀਦੋ -ਫਰੋਖਤ ਵਿੱਚ ਸਿੱਧੇ ਤੌਰ ਤੇ ਰੁਚੀ ਰੱਖਦਾ ਹੋਵੇ ; ਜਾਂ

ਗ) ਕਿਸੇ ਉਸ ਸੁਸਾਇਟੀ ਨਾਲ ਪ੍ਰਤੀਨਿੱਧ ਹੋਵੇ ਜਿਹੜੀ ਬੰਦ ਹੋਣ ਤੇ ਹੁੱਕਮਾਂ ਅਧੀਨ ਹੋਵੇ: ਜਾਂ

ਘ) ਕਿਸੇ ਉਸ ਸੁਸਾਇਟੀ ਜਿਸ ਦੀ ਉਹ ਪ੍ਰਤੀਨਿਧਤਾ ਕਰਦਾ ਹੋਵੇ ਜਾਂ ਪ੍ਰਾਇਮਰੀ ਬੈਂਕ ਦਾ ਸ਼ੇਅਰ ਹੋਲਡਰ ਨਾ ਰਹੇ।

ii) ਕੋਈ ਉਹ ਮੈਂਬਰ ਜਿਹੜਾ ਇਸ ਉਪ ਨਿਯਮ ਦੀ ਕਲਾਜ (i) (ਕ) ਅਧੀਨ ਕਮੇਟੀ ਦਾ ਮੈਂਬਰ ਨਾ ਰਹੇ, 6 ਮਹੀਨਿਆਂ ਦੇ ਸਮੇਂ ਤੱਕ ਕਮੇਟੀ ਦੇ ਮੈਂਬਰ ਵਜੋਂ ਦੁਬਾਰਾ ਚੁਣਨ ਦੇ ਯੋਗ ਨਹੀਂ ਹੋਵੇਗਾ।

30) ੳ) ਕਮੇਟੀ ਦੀ ਮੀਟਿੰਗ ਹਰੇਕ 2 ਮਹੀਨਿਆਂ ਵਿੱਚ ਘੱਟੋ ਘੱਟ ਇੱਕ ਵਾਰੀ ਜਰੂਰ ਹੋਵੇਗੀ। ਮੀਟਿੰਗ ਤੋਂ ਪਹਿਲਾਂ ਇਸ ਦੇ ਮੈਂਬਰਾਂ ਨੂੰ ਘੱਟ ਤੋਂ ਘੱਟ 15 ਦਿਨਾਂ ਦਾ ਨੋਟਿਸ ਦਿੱਤਾ ਜਾਵੇਗਾ। ਪ੍ਰਾਇਮਰੀ ਬੈਂਕ ਦਾ ਮੈਨੇਜਰ ਮੀਟਿੰਗ ਬੁਲਾਏਗਾ। ਕਮੇਟੀ ਦੀ ਮੀਟਿੰਗ ਦਾ ਕੋਰਮ ਕਮੇਟੀ ਦੇ ਕੁੱਲ ਮੈਂਬਰਾਂ ਦੀ ਇੱਕ ਤਿਹਾਈ

Created with Print2PDF. To remove this line, buy a license at: http://www.software602.com/

ਗਿਣਤੀ ਤੇ ਨਿਰਭਰ ਹੋਵੇਗਾ। ਪ੍ਰੈਜੀਡੈਂਟ ਦੀ ਗੈਰ-ਹਾਜਰੀ ਵਿੱਚ ਵਾਈਸ ਪ੍ਰੈਜੀਡੈਂਟ ਜੇਕਰ ਦੋਵੇ ਹਾਜਰ ਨਾ ਹੋਣ, ਤਾਂ ਮੀਟਿੰਗ ਵਿੱਚ ਹਾਜਰ ਮੈਂਬਰਾਂ ਦੁਆਰਾ ਚੁਣਿਆ ਗਿਆ ਕੋਈ ਮੈਂਬਰ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰੇਗਾ। ਹਰ ਇੱਕ ਮੈਂਬਰ ਦੀ ਇੱਕੋ ਇੱਕ ਵੋਟ ਹੋਵੇਗੀ। ਜਿਨ੍ਹਾਂ ਚਿਰ ਇਨ੍ਹਾਂ ਨਿਯਮਾਂ ਵਿੱਚ ਜਾਂ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਗਏ ਨਿਯਮਾਂ ਰਾਹੀਂ ਹੋਰਵੇਂ ਉਪਬੰਧ ਨਾ ਕੀਤਾ ਗਿਆ ਹੋਵੇ, ਸਾਰੇ ਮਾਮਲਿਆਂ ਦਾ ਨਿਰਣਾ ਬੁਹਮਤ ਰਾਹੀਂ ਕੀਤਾ ਜਾਵੇਗਾ। ਸਭਾਪਤੀ ਨੂੰ ਨਿਰਣਾਇਕ ਵੋਟ ਦੇਣ ਦਾ ਹੱਕ ਹੋਵੇਗਾ।

ਅ) ਕਮੇਟੀ ਦੇ ਕੋਈ ਵੀ ਤਿੰਨ ਜਾਂ ਕੁੱਲ ਮੈਂਬਰਾਂ ਦੇ ਇੱਕ ਤਿਹਾਈ ਮੈਂਬਰ ਗਿਣਤੀ ਜੋ ਵੀ ਘੱਟ ਹੋਵੇ, ਬੈਂਕ ਦੇ ਪ੍ਰਧਾਨ ਨੂੰ ਕਮੇਟੀ ਦੀ ਵਿਸ਼ੇਸ਼ ਮੀਟਿੰਗ ਬੁਲਾਉਣ ਲਈ ਲਿਖਤੀ ਰੂਪ ਵਿੱਚ ਬੇਨਤੀ ਕਰ ਸਕਦੇ ਹਨ ਅਤੇ ਮਾਮਲੇ ਤਜਵੀਜ ਕਰ ਸਕਦੇ ਹਨ। ਜਿਹੜੇ ਕਮੇਟੀ ਦੀ ਉਸ ਮੀਟਿੰਗ ਵਿੱਚ ਵਿਚਾਰੇ ਜਾਣਗੇ। ਅਜਿਹੀ ਬੇਨਤੀ ਪ੍ਰਾਪਤ ਹੋਣ ਤੇ, ਪ੍ਰੈਜੀਡੈਂਟ ਕਮੇਟੀ ਦੀ ਮੀਟਿੰਗ ਬੁਲਾਏਗਾ। ਜੇਕਰ ਮੀਟਿੰਗ ਬੁਲਾਏ ਜਾਣ ਲਈ ਕੀਤੀ ਗਈ ਬੇਨਤੀ ਦੀ ਪ੍ਰਾਪਤੀ ਤੋਂ 7 ਦਿਨਾਂ ਦੇ ਅੰਦਰ-2 ਪ੍ਰਧਾਨ ਮੀਟਿੰਗ ਨਹੀਂ ਬੁਲਾਉਂਦਾ ਤਾਂ ਬੇਨਤੀ ਕਰਨ ਵਾਲੇ ਹਸਤਾਖਰੀਆਂ ਦੀ ਦਰਖਾਸਤ ਤੇ ਵੀ ਸਾਰੇ ਮੈਂਬਰਾਂ ਨੂੰ ਉੱਚਿਤ ਨੋਟਿਸ ਦੇ ਮਿਲਣ ਤੋਂ ਬਾਅਦ, ਜਿਵੇਂ ਨਿਯਮਾਂ ਜਾਂ ਉਪ ਨਿਯਮਾਂ ਅਧੀਨ ਲੋੜੀਂਦਾ ਹੋਵੇ, ਕਮੇਟੀ ਦੀ ਮੀਟਿੰਗ ਬੁਲਾਈ ਜਾ ਸਕਦੀ ਹੈ।

ੲ) ਕਮੇਟੀ ਦੇ ਕੋਈ ਵੀ 4 ਮੈਂਬਰ ਪ੍ਰਾਇਮਰੀ ਬੈਂਕ ਦੀ ਕਮੇਟੀ ਦੀ ਕੋਈ ਵਿਸ਼ੇ ਤੇ ਮੀਟਿੰਗ ਬੁਲਾਉਣ ਦੀ ਮੰਗ ਕਰ ਸਕਦੇ ਹਨ। ਅਜਿਹੀ ਮੰਗ ਦੇ ਪ੍ਰਾਪਤ ਹੋਣ ਤੇ, ਮੈਨੇਜਰ ਕਮੇਟੀ ਦੀ ਮੀਟਿੰਗ ਬੁਲਾਏਗਾ।

31) ਕੱਟ ਦਿੱਤਾ ਗਿਆ ।

32) ਕੱਟ ਦਿੱਤਾ ਗਿਆ।

33) ਜੇਕਰ ਪ੍ਰਾਇਮਰੀ ਬੈਂਕ ਦੀ ਕਮੇਟੀ ਦਾ ਕੋਈ ਚੁਣਿਆ ਹੋਇਆ ਮੈਂਬਰ ਬਿਨ੍ਹਾਂ ਕਿਸੇ ਵਾਜਿਬ ਕਾਰਣਾਂ ਦੇ ਕਮੇਟੀ ਦੀਆਂ ਲਗਾਤਾਰ ਤਿੰਨ ਮੀਟਿੰਗਾਂ ਤੋਂ ਗੈਰ-ਹਾਜਰ ਰਹਿੰਦਾ ਹੈ ਤਾਂ ਉਸ ਨੂੰ ਕਮੇਟੀ ਦੁਆਰਾ ਇਸ ਦੀ ਮੈਂਬਰਸ਼ਿਪ ਤੋਂ ਹਟਾਇਆ ਜਾ ਸਕਦਾ ਹੈ।

34) ਕਮੇਟੀ ਦੀਆਂ ਸ਼ਕਤੀਆਂ ਅਤੇ ਕਰਤੱਵ ਨਿਮਨ-ਲਿਖਤ ਹੋਣਗੇ: -

i) ਕਮੇਟੀ ਦੇ ਪ੍ਰਧਾਨ ਅਤੇ ਉਪ ਪ੍ਰਧਾਨ ਦੀ ਚੋਣ ਕਰਨਾ ;

ii) ਪ੍ਰਾਇਮਰੀ ਬੈਂਕ ਦੇ ਆਮ ਇਜਲਾਸ (ਜਨਰਲ ਬਾਡੀ) ਦੀ ਮੀਟਿੰਗ ਬੁਲਾਉਣ ਲਈ ਮੈਨੇਜਰ ਨੂੰ ਹਦਾਇਤਾਂ ਦੇਣਾ ਅਤੇ ਸਹਿਕਾਰੀ ਸਾਲ ਦੀ ਸਲਾਨਾਂ ਰਿਪੋਰਟ ਅਤੇ ਬੈਲੰਸ ਸ਼ੀਟ ਜਨਰਲ ਬਾਡੀ ਅੱਗੇ ਪੇਸ਼ ਕਰਨਾ।

Created with Print2PDF. To remove this line, buy a license at: http://www.software602.com/

iii) ਢੁੱਕਵੇ ਕੇਂਦਰਾਂ ਵਿਖੇ ਸ਼ਾਖਾ ਦਫਤਰ ਖੋਲਣੇ, ਇਨ੍ਹਾਂ ਦੇ ਅਧਿਕਾਰ ਖੇਤਰ ਨਿਸ਼ਚਿਤ ਕਰਨੇ ਅਤੇ ਅਜਿਹੀਆਂ ਬਰਾਂਚਾਂ ਦੇ ਕਾਰੋਬਾਰ ਅਤੇ ਕੰਮਾਂ ਦੀ ਨਿਗਰਾਨੀ ਰੱਖਣ ਲਈ ਸ਼ੇਅਰ ਹੋਲਡਰਜ ਵਿੱਚੋ ਸਥਾਨਿਕ ਕਮੇਟੀਆਂ ਜੇਕਰ ਜਰੂਰੀ ਹੋਵੇ, ਨਿਯੁੱਕਤ ਕਰਨਾ ਅਤੇ ਅਜਿਹੀਆਂ ਸਥਾਨਕ ਕਮੇਟੀਆਂ ਦੀਆਂ ਸ਼ਕਤੀਆਂ ਦੀ ਵਿਆਖਿਆ ਕਰਨਾ।

iv) ਪ੍ਰਾਇਮਰੀ ਬੈਂਕ ਦੇ ਕਾਰੋਬਾਰ ਅਤੇ ਕੰਮਾਂ ਸਬੰਧੀ ਰਜਿਸਟਰਾਰ ਅਤੇ ਸਟੇਟ ਬੈਂਕ ਦੀ ਅਗੇਤੀ ਪ੍ਰਵਾਨਗੀ ਨਾਲ ਮੇਲ ਖਾਂਦੇ ਨਿਯਮ ਬਨਾਉਣਾ।

v) ਕਮੇਟੀ ਦੇ ਕਿਸੇ ਇੱਕ ਜਾਂ ਵੱਧ ਮੈਂਬਰਾਂ ਜਾਂ ਮੈਨੇਜਰ ਨੂੰ ਆਪਣੀਆਂ ਕੋਈ ਵੀ ਸ਼ਕਤੀਆਂ ਅਤੇ ਕਰਤੱਵ ਸੌਂਪਣਾ ;

vi) ਕਮੇਟੀ ਦੇ ਕਿਸੇ ਮੈਂਬਰ ਨੂੰ ਕਿਸੇ ਹੋਰ ਸਹਿਕਾਰੀ ਸੰਸਥਾ ਦੀ ਮੈਨੇਜਿੰਗ ਕਮੇਟੀ ਜਾਂ ਜਨਰਲ ਬਾਡੀ ਦੀ ਮੀਟਿੰਗ ਵਿੱਚ ਪ੍ਰਾਇਮਰੀ ਬੈਂਕ ਦੀ ਪ੍ਰਤੀਨਿੱਧਤਾ ਕਰਨ ਲਈ ਨਿਯੁੱਕਤ ਕਰਨਾ।

vii) ਸਟੇਟ ਬੈਂਕ ਤੋਂ ਕਰਜੇ ਲੈਣਾ ;

viii) ਕਿਸੇ ਅੰਮ੍ਰਿਤ ਖਾਲੀ ਥਾਂ ਦੀ ਸੂਰਤ ਵਿੱਚ ਕਮੇਟੀ ਦੇ ਮੈਂਬਰਾਂ ਨੂੰ ਕੋਆਪਟ ਕਰਨਾ ;

ix) ਕਮੇਟੀ ਦੇ ਮੈਂਬਰ ਦੇ ਅਸਤੀਫੇ ਨੂੰ ਸਵਿਕਾਰ ਕਰਨਾ ਜਾਂ ਰੱਦ ਕਰਨਾ।

x) ਰਜਿਸਟਰਾਰ ਦੀ ਪ੍ਰਵਾਨਗੀ ਅਧੀਨ ਕਿਸੇ ਕਮੇਟੀ ਮੈਂਬਰ ਨੂੰ ਅਦਾਇਗੀਯੋਗ ਸਫਰ ਅਤੇ ਰੋਜਾਨਾਂ ਭੱਤਿਆਂ ਦੀਆਂ ਦਰਾਂ ਨਿਸ਼ਚਿਤ ਕਰਨਾ ;

xi) ਏ ਸ੍ਰੇਣੀ ਦੇ ਮੈਂਬਰਾਂ ਨੂੰ ਦਾਖਲਾ ਦੇਣਾ ਅਤੇ ਸ਼ੇਅਰ ਅਲਾਟ ਕਰਨਾ ;

xii) ਸਟੇਟ ਬੈਂਕ ਦੀ ਮੰਨਜੂਰੀ ਅਧੀਨ ਪ੍ਰਾਇਮਰੀ ਬੈਂਕ ਦੇ ਮੈਂਬਰਾਂ ਨੂੰ ਕਰਜਾ ਦੇਣਾ ;

xiii) ਪ੍ਰਾਇਮਰੀ ਬੈਂਕ ਵੱਲੋ ਜਾਂ ਇਸ ਦੇ ਵਿਰੁੱਧ ਕਾਨੂੰਨੀ ਕਾਰਵਾਈ ਅਤੇ ਦਾਅਵਿਆਂ ਨੂੰ ਮੁਕੱਰਰ ਕਰਨਾ, ਚਲਾਉਣਾ, ਤਰਫਦਾਰੀ ਕਰਨਾ, ਸਮਝੌਤਾ ਕਰਨਾ, ਸਾਲਸੀ ਨੂੰ ਸੌਂਪਣਾ ਜਾਂ ਛੱਡਣਾ ;

xiv) ਪ੍ਰਾਇਮਰੀ ਬੈਂਕ ਨਾਲ ਸਬੰਧਤ ਮੁਆਇੰਨੇ ਜਾਂ ਆਡਿਟ ਨੋਟਿਸ ਵਿੱਚ ਦਰਜ ਸੁਝਾਵਾਂ ਅਤੇ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਨਾਉਣਾ ;

xv) ਅਜਿਹੇ ਕੋਈ ਹੋਰ ਕਰਤੱਵ ਨਿਭਾਉਣਾ ਜੋ ਇਸ ਨੂੰ ਬੋਰਡ ਦੁਆਰਾ ਸੌਂਪੇ ਜਾਣ ;

xvi) ਪ੍ਰਾਇਮਰੀ ਬੈਂਕ ਲਈ ਸਟੇਟ ਬੈਂਕ ਤੋਂ ਡੈਪੂਟੇਸ਼ਨ ਤੇ ਕਰਮਚਾਰੀ ਲੈਣਾ ;

xvii) ਇਤਫਾਕੀਆਂ ਖਰਚੇ ਕਰਨਾ ;

xviii) ਹੋਰਨਾਂ ਬੈਂਕਾਂ ਵਿੱਚ ਖਾਤੇ ਖੋਲਣਾ ;

Created with Print2PDF. To remove this line, buy a license at: http://www.software602.com/

xix) ਕੇਂਦਰੀ ਜਾਂ ਸੰਘ ਭਾਰਤ ਦੀ ਰਾਜ ਸਰਕਾਰ ਦੁਆਰਾ ਜਾਰੀ ਕੀਤੀਆਂ ਸਕਿਊਰਟੀਜ ਅਤੇ ਪ੍ਰਾਇਮਰੀ ਬੈਂਕ ਵੱਲੋ ਇੰਡੀਅਨ ਟਰੱਸਟਸ ਐਕਟ, 1882 ਦੀ ਧਾਰਾ 20 ਵਿੱਚ ਨਿਸ਼ਚਿਤ ਹੋਰ ਸਕਿਊਰਟੀਆਂ ਨੂੰ ਖਰੀਦਣਾ, ਵੇਚਣਾ, ਤਸਦੀਕ ਕਰਨਾ, ਸੌਂਪਣਾ, ਗਿਰਵੀ ਕਰਨਾ ਜਾਂ ਹੋਰਵੇਂ ਨਿਪਟਾਰਾ ਕਰਨਾ ਅਤੇ ਇਸ ਸਬੰਧ ਵਿੱਚ ਪ੍ਰਾਇਮਰੀ ਬੈਂਕ ਦੇ ਕਿਸੇ ਅਫਸਰ ਜਾਂ ਅਫਸਰਾਂ ਨੂੰ ਅਧਿਕਾਰ ਦੇਣਾ ਅਤੇ ਪ੍ਰਾਇਮਰੀ ਬੈਂਕ ਦੁਆਰਾ ਰੱਖੀਆਂ ਸਕਿਊਰਟੀਆਂ ਨੂੰ ਸੁਰੱਖਿਤ ਰੱਖਣ ਦਾ ਪ੍ਰਬੰਧ ਕਰਨਾ;

xx) ਰਜਿਸਟਰਾਰ ਦੀਆਂ ਹਦਾਇਤਾਂ ਅਨੁਸਾਰ ਗਿਰਵੀ ਰੱਖੇ ਜਾਣ ਵਾਲੀ ਤਜਵੀਜਤ, ਜਾਇਦਾਦ ਦੇ ਕਾਨੂੰਨੀ ਦਾਅਵੇ (ਟਾਈਟਲ) ਦੀ ਜਾਂਚ ਕਰਨਾ ਇਸ ਦੇ ਬਜਾਰੀ ਮੁੱਲ ਅਤੇ ਆਮਦਨੀ ਸਮਰੱਥਾ ਨੂੰ ਨਿਸ਼ਚਿਤ ਕਰਨ ਦਾ ਪ੍ਰਬੰਧ ਕਰਨਾ;

xxi) ਰਜਿਸਟਰਾਰ ਦੀ ਪ੍ਰਵਾਨਗੀ ਦੀ ਸ਼ਰਤ ਅਧੀਨ ਇਕੱਲੇ ਉਧਾਰ ਲੈਣ ਵਾਲਿਆਂ ਦੁਆਰਾ ਕਰਜੇ ਦੀ ਦਰਖਾਸਤ ਦੇ ਨਾਲ ਲਗਾਈ ਜਾਣ ਵਾਲੀ ਫੀਸ ਨਿਰਧਾਰਤ ਕਰਨਾ।

ਮੈਨੇਜਰ

35. ਪ੍ਰਾਇਮਰੀ ਬੈਂਕ ਦੀ ਕਮੇਟੀ ਸਟੇਟ ਬੈਂਕ ਦੀ ਅਗੇਤੀ ਪ੍ਰਵਾਨਗੀ ਨਾਲ ਪ੍ਰਾਇਮਰੀ ਬੈਂਕ ਦਾ ਮੈਨੇਜਰ ਨਿਯੁੱਕਤ ਕਰੇਗੀ ਬਸ਼ਰਤੇ ਕਿ ਉਹ ਵਿਅਕਤੀ ਬੈਂਕ ਵਿੱਚ ਡੈਪੂਟੇਸ਼ਨ ਤੇ ਨਾ ਕੰਮ ਕਰਦਾ ਹੋਵੇ।

36. ਪ੍ਰਾਇਮਰੀ ਬੈਂਕ ਦੇ ਮੈਨੇਜਰ ਦੀਆਂ ਨਿਮਨ-ਲਿਖਤ ਸ਼ਕਤੀਆਂ ਅਤੇ ਕਰਤੱਵ ਹੋਣਗੇ : -

i) ਕਮੇਟੀ ਦੀਆਂ ਹਦਾਇਤਾਂ ਅਧੀਨ ਪ੍ਰਾਇਮਰੀ ਬੈਂਕ ਦੇ ਮਾਮਲਿਆਂ ਦਾ ਸਧਾਰਨ ਤੌਰ ਤੇ ਪ੍ਰਸਾਸ਼ਨ ਕਰਨਾ/ਹੱਲ ਕੱਢਣਾ ;

ii) ਪ੍ਰਾਇਮਰੀ ਬੈਂਕ ਦੇ ਕਰਮਚਾਰੀਆਂ ਦੇ ਕੰਮ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ;

iii) ਸਹੀ ਲੇਖੇ ਰੱਖਣਾ ।

iv) ਜਮ੍ਹਾਂ ਕਰਾਈਆਂ ਰਾਸ਼ੀਆਂ ਅਤੇ ਹੋਰ ਪੈਸਾ ਪ੍ਰਾਪਤ ਕਰਨਾ ਅਤੇ ਰਸੀਦ ਜਾਰੀ ਕਰਨਾ ਅਤੇ ਪ੍ਰਾਇਮਰੀ ਬੈਂਕ ਤੋਂ ਲੈਣੀ ਬਣਦੀ ਰਕਮ ਅਦਾ ਕਰਨਾ ;

v) ਪ੍ਰਾਇਮਰੀ ਬੈਂਕ ਵੱਲੋ ਦਸਤਖਤ ਕਰਨਾ ਅਤੇ ਇਸ ਦਾ ਪੱਤਰ ਵਿਹਾਰ ਕਰਨਾ ;

vi) ਪ੍ਰਾਇਮਰੀ ਬੈਂਕ ਦੇ ਵਹੀ ਖਾਤਿਆਂ ਵਿੱਚ ਇੰਦਰਾਜਾਂ ਨੂੰ ਤਸਦੀਕ ਕਰਨਾ ;

vii) ਪ੍ਰਾਇਮਰੀ ਬੈਂਕ ਦੇ ਨਾਂ ਅਤੇ ਇਸ ਦੇ ਵੱਲੋ ਅਤੇ ਵਿਰੁੱਧ ਮੁਕੱਦਮੇ ਚਲਾਉਣਾ;

viii) ਰਹਿਣ ਕੀਤੀ ਹੋਈ ਜਾਇਦਾਦ ਦੇ ਮੁਆਇੰਨੇ ਦਾ ਪ੍ਰਬੰਧ ਕਰਨਾ ;

Created with Print2PDF. To remove this line, buy a license at: http://www.software602.com/

ix) ਅਜਿਹੀਆਂ ਹੋਰ ਸਾਰੀਆਂ ਡਿਊਟੀਆਂ ਨਿਭਾਉਣਾ ਅਤੇ ਅਜਿਹੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰਨਾ ਜੋ ਕਮੇਟੀ ਅਤੇ ਸਟੇਟ ਬੈਂਕ ਦੁਆਰਾ ਉਸ ਨੂੰ ਸੌਂਪੀਆਂ ਜਾਣ;

x) ਪ੍ਰਾਇਮਰੀ ਬੈਂਕ ਦੀਆਂ ਸਾਰੀਆਂ ਸੰਪਤੀਆਂ ਨੂੰ ਆਪਣੇ ਕਬਜੇ ਵਿੱਚ ਰੱਖਣਾ ;

xi) ਜਨਰਲ ਬਾਡੀ ਅਤੇ ਸਬ ਕਮੇਟੀ ਦੀ ਮੀਟਿੰਗ ਬੁਲਾਉਣਾ ਅਤੇ ਉਸ ਵਿੱਚ ਹਾਜਰ ਹੋਣ ਦਾ ਪ੍ਰਬੰਧ ਕਰਨਾ;

xii) ਕਮੇਟੀ ਦੀਆਂ ਹਦਾਇਤਾਂ ਅਧੀਨ ਪ੍ਰਾਇਮਰੀ ਬੈਂਕ ਲਈ ਅਤੇ ਵੱਲੋ ਚੈੱਕ, ਪੇਮੈਂਟ ਆਰਡਰ, ਟੈਲੀਗ੍ਰਾਫਿਕ ਅਤੇ ਡਾਕ ਰਾਹੀਂ ਕੀਤੀਆਂ ਅਦਾਇਗੀਆਂ, ਮਿਆਦੀ ਰਕਮਾਂ, ਡਰਾਫਟ, ਰੇਲਵੇ ਰਸੀਟਸ ਅਤੇ ਹੋਰ ਵਪਾਰਕ ਲਿਖਤਾਂ ਬਨਾਉਣਾ, ਕਢਵਾਉਣਾ, ਸਵੀਕਾਰ ਕਰਨਾ, ਤਸਦੀਕ ਕਰਨਾ ਅਤੇ ਲਾਗੂ ਕਰਨਾ;

xiii) ਕਮੇਟੀ ਦੀ ਵਿਸ਼ੇਸ਼ ਅਤੇ ਆਮ ਮੰਨਜੂਰੀ ਅਧੀਨ ਪ੍ਰਾਇਮਰੀ ਬੈਂਕ ਵੱਲੋ ਵਾਧੂ ਫੰਡ ਨਿਵੇਸ਼ ਕਰਨਾ, ਸਰਕਾਰੀ ਪਰਨੋਟਾਂ ਅਤੇ ਜਮਾਨਤਾਂ ਦੀ ਅਦਾਇਗੀ ਕਰਨਾ, ਖਰੀਦਣਾ, ਵੇਚਣਾ ਅਤੇ ਉਨ੍ਹਾਂ ਤੇ ਵਿਆਜ ਇਕੱਠਾ ਕਰਨਾ।

ਸਮੂਹ ਮੈਂਬਰ (ਜਨਰਲ ਬਾਡੀ) :

37. ਪ੍ਰਾਇਮਰੀ ਬੈਂਕ ਦੀ ਜਨਰਲ ਬਾਡੀ ਵਿੱਚ ਨਿਮਨ-ਲਿਖਤ ਮੈਂਬਰ ਹੋਣਗੇ: -

i) ਸ੍ਰੇਣੀ-ਏ ਵਿਅਕਤੀਗਤ ਮੈਂਬਰ ;

ii) ਹਰੇਕ ਮੈਂਬਰ ਸੁਸਾਇਟੀ ਦਾ ਇੱਕ ਪ੍ਰਤੀਨਿਧ;

iii) ਸਟੇਟ ਬੈਂਕ ਦਾ ਇੱਕ ਪ੍ਰਤੀਨਿਧ ; ਅਤੇ

iv) ਰਜਿਸਟਰਾਰ ਦਾ ਇੱਕ ਪ੍ਰਤੀਨਿਧ ।

38. ਬੈਂਕ ਦੇ ਸਮੂਹ ਮੈਂਬਰ (ਜਨਰਲ ਬਾਡੀ) ਸਾਲ ਵਿੱਚ ਘੱਟੋ ਘੱਟ ਇੱਕ ਬੈਠਕ ਜਰੂਰ ਕਰਨਗੇ । ਬੈਂਕ ਦੀ ਆਮ ਮੀਟਿੰਗ ਕਮੇਟੀ ਦੀ ਹਦਾਇਤ ਅਧੀਨ ਬੈਂਕ ਦੇ ਕਿਸੇ ਅਫਸਰ ਦੁਆਰਾ ਬੁਲਾਈ ਜਾ ਸਕਦੀ ਹੈ। ਬੈਂਕ ਦੀ ਆਮ ਮੀਟਿੰਗ ਕੁੱਲ ਮੈਂਬਰਾਂ ਦੀ ਪੰਜਵੇਂ ਹਿੱਸੇ ਦੇ ਬਰਾਬਰ ਗਿਣਤੀ ਵੱਲੋ ਅਜਿਹੀ ਮੀਟਿੰਗ ਲਈ ਮੰਗ ਪੱਤਰ ਦੀ ਪ੍ਰਾਪਤੀ ਤੇ ਕਮੇਟੀ ਦੁਆਰਾ ਬੁਲਾਈ ਜਾਵੇਗੀ। ਅਗਰ ਅਜਿਹੀ ਮੰਗ ਦੀ ਪ੍ਰਾਪਤੀ ਤੇ ਕਮੇਟੀ ਵਾਜਿਬ ਸਮੇਂ ਦੇ ਅੰਦਰ ਆਮ ਮੀਟਿੰਗ ਨਹੀਂ ਬੁਲਾਉਂਦੀ ਹੈ ਤਾਂ ਇਸ ਮੀਟਿੰਗ ਦੀ ਮੰਗ ਕਰਨ ਵਾਲੇ ਹਸਤਾਖਰੀ ਰਜਿਸਟਰਾਰ ਨੂੰ ਪਹੁੰਚ ਕਰਨਗੇ ਅਗਰ ਉਹ ਠੀਕ ਸਮਝੇ ਤਾਂ ਆਮ ਮੀਟਿੰਗ ਬੁਲਾ ਸਕਦਾ ਹੈ।

Created with Print2PDF. To remove this line, buy a license at: http://www.software602.com/

39. ਘੱਟੋ ਘੱਟ 15 ਦਿਨਾਂ ਦਾ ਨੋਟਿਸ, ਜਿਸ ਵਿੱਚ ਆਮ ਮੀਟਿੰਗ ਦੀ ਮਿਤੀ, ਜਗ੍ਹਾਂ, ਸਮਾਂ ਅਤੇ ਏਜੰਡਾ ਦਰਜ ਹੋਵੇ, ਇਸ ਦੇ ਮੈਂਬਰਾਂ ਨੂੰ ਭੇਜਿਆ ਜਾਵੇਗਾ, ਆਮ ਮੀਟਿੰਗ ਦਾ ਨੋਟਿਸ ਨਿਮਨ- ਲਿਖਤ ਢੰਗ ਵਿੱਚ ਦਿੱਤਾ ਜਾਵੇਗਾ: -

i) ਘੱਟ ਤੋਂ ਘੱਟ ਹਿੰਦੀ, ਉਰਦੂ ਅਤੇ ਗੁਰਮੁੱਖੀ ਦੇ ਇੱਕ ਅਖਬਾਰ ਵਿੱਚ ਦਿੱਤੇ ਨੋਟਿਸ ਰਾਹੀਂ ; ਅਤੇ

ii) ਪੋਸਟਲ ਸਰਟੀਫੀਕੇਟ ਅਧੀਨ ਡਾਕ ਰਾਹੀਂ ।

ਆਪ ਮੀਟਿੰਗ ਲਈ ਕੋਰਮ ਦੀ ਗਿਣਤੀ ਇਸ ਦੇ ਜਾਂ ਮੈਂਬਰਾਂ ਦੀ ਕੁੱਲ ਗਿਣਤੀ ਦਾ ਚੌਥਾ ਹਿੱਸਾ ਜਾਂ 5●● ਹੋਵੇਗੀ, ਜੋ ਵੀ ਘੱਟ ਹੋਵੇ । ਜੇਕਰ ਆਮ ਮੀਟਿੰਗ ਲਈ ਨਿਸ਼ਚਿਤ ਕੀਤੇ ਗਏ ਸਮੇਂ ਤੋਂ ਇੱਕ ਘੰਟੇ ਦੇ ਅੰਦਰ ਕੋਰਮ ਪੂਰਾ ਨਹੀਂ ਹੁੰਦਾ ਤਾਂ ਸਭਾਪਤੀ, ਜੇਕਰ ਇਹ ਮੀਟਿੰਗ ਇਸ ਦੇ ਮੈਂਬਰਾਂ ਵੱਲੋ ਮੰਗ ਕਰਨ ਤੇ ਬੁਲਾਈ ਗਈ ਹੋਵੇ, ਇਸ ਨੂੰ ਉਠਾ ਦੇਵੇਗਾ ਅਤੇ ਇਸੇ ਮੰਗ ਤੇ ਅੱਗੇ ਹੋਰ ਕੋਈ ਮੀਟਿੰਗ ਨਹੀਂ ਬੁਲਾਈ ਜਾਵੇਗੀ। ਜੇਕਰ ਜਨਰਲ ਮੀਟਿੰਗ ਮੰਗ ਕਰਨ ਤੋਂ ਇਲਾਵਾ ਹੋਰਵੇਂ ਬੁਲਾਈ ਜਾਂਦੀ ਹੈ ਤਾਂ ਸਭਾਪਤੀ ਮੀਟਿੰਗ ਨੂੰ ਅਗਲੀ ਮਿਤੀ ਤੱਕ ਮੁਲਤਵੀ ਕਰੇਗਾ। ਅਗਲੀ ਆਮ ਮੀਟਿੰਗ ਲਈ ਇਸ ਦੇ ਮੈਂਬਰਾਂ ਨੂੰ ਤਾਜਾ ਨੋਟਿਸ ਭੇਜਿਆ ਜਾਵੇਗਾ। ਅਗਲੀ ਆਮ ਮੀਟਿੰਗ ਵਿੱਚ ਕੰਮ ਕਾਰ ਹਾਜਰ ਮੈਂਬਰਾਂ ਦੁਆਰਾ ਕੀਤਾ ਜਾ ਸਕਦਾ ਹੈ।

40) ਆਮ ਮੀਟਿੰਗਾਂ ਦੀ ਪ੍ਰਧਾਨਗੀ ਪ੍ਰੈਜੀਡੈਂਟ ਜਾਂ ਉਸ ਦੀ ਗੈਰ-ਹਾਜਰੀ ਵਿੱਚ ਵਾਈਸ ਪ੍ਰੈਜੀਡੈਂਟ ਦੁਆਰਾ ਕੀਤੀ ਜਾਵੇਗੀ ਜਦੋਂ ਉਹ ਦੋਵੇਂ ਗੈਰ-ਹਾਜਰ ਹੋਣ, ਉਦੋਂ ਮੀਟਿੰਗ ਵਿੱਚ ਹਾਜਰ ਏ ਸ੍ਰੇਣੀ ਦੇ ਮੈਂਬਰ ਮੀਟਿੰਗ ਲਈ ਇੱਕ ਸਭਾਪਤੀ ਚੁਣਨਗੇ।

41) ਆਮ ਮੀਟਿੰਗ ਦੇ ਹਰੇਕ ਮੈਂਬਰ ਦੀ ਇੱਕੋ ਵੋਟ ਹੋਵੇਗੀ । ਆਮ ਮੀਟਿੰਗ ਵਿੱਚ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਦੂਜੇ ਮੈਂਬਰ ਦੀ ਥਾਂ ਤੇ (ਪ੍ਰੌਕਸੀ) ਵੋਟ ਦੇਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਜਦ ਤੱਕ ਉਹ ਨਿਯਮਾਂ ਵਿੱਚ ਹੋਰਵੇਂ ਉਪਬੰਧ ਨਾ ਹੋਵੇ, ਸਾਰੇ ਮਾਮਲਿਆਂ ਦਾ ਨਿਰਣਾ ਹਾਜਰ ਮੈਂਬਰਾਂ ਦੇ ਬਹੁਮਤ ਰਾਹੀਂ ਕੀਤਾ ਜਾਵੇਗਾ ਜਦੋਂ ਵੋਟਾਂ ਬਰਾਬਰ ਹੋਣ, ਆਮ ਮੀਟਿੰਗ ਦੇ ਸਭਾਪਤੀ ਨੂੰ ਵਾਧੂ ਨਿਰਣਾਇਕ ਵੋਟ ਦੇਣ ਦਾ ਅਧਿਕਾਰ ਹੋਵੇਗਾ। ਇਸ ਤੋਂ ਇਲਾਵਾ ਇਹ ਕਿ ਕਿਸੇ ਉਸ ਮੈਂਬਰ ਜਿਸ ਨੇ ਕਰਜੇ ਜਾਂ ਸ਼ੇਅਰ ਵਿੱਚ ਪਿੱਛਲੇ 12 ਮਹੀਨਿਆਂ ਵਿੱਚ ਬੈਂਕ ਨਾਲ ਕੋਈ ਲੈਣਦੇਣ ਨਾ ਕੀਤਾ ਹੋਵੇ ਜਾਂ ਉਸ ਨੇ ਘੱਟ ਤੋਂ ਘੱਟ ●.2● ਲੱਖ ਰੁਪਏ ਜਮ੍ਹਾਂ ਨਾ ਕਰਵਾਏ ਹੋਣ ਨੂੰ ਵੀ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ।

42) ਜਿਨ੍ਹਾਂ ਚਿਰ ਇਨ੍ਹਾਂ ਉਪ ਨਿਯਮਾਂ ਵਿੱਚ ਹੋਰਵੇਂ ਕੋਈ ਉਪਬੰਧ ਨਾ ਕੀਤਾ ਗਿਆ ਹੋਵੇ, ਪ੍ਰਾਇਮਰੀ ਬੈਂਕ ਦੇ ਪ੍ਰਸਾਸ਼ਕ ਸਬੰਧੀ ਸਾਰੇ ਮਾਮਲਿਆਂ ਵਿੱਚ ਅੰਤਿਮ ਅਥਾਰਟੀ ਜਨਰਲ ਬਾਡੀ ਹੋਵੇਗੀ।

Created with Print2PDF. To remove this line, buy a license at: http://www.software602.com/

43) ਪੂਰਵਗਾਮੀ ਉਪ ਨਿਯਮਾਂ ਦੇ ਆਮ ਉਪਬੰਧਾਂ ਤੇ ਉਲਟ ਪ੍ਰਭਾਵ ਪਾਏ ਬਿਨ੍ਹਾਂ, ਜਨਰਲ ਬਾਡੀ ਦੇ ਨਿਮਨਲਿਖਤ ਅਧਿਕਾਰ ਅਤੇ ਕਰਤੱਵ ਹੋਣਗੇ: -

i) ਰਜਿਸਟਰਾਰ ਦੁਆਰਾ ਬਣਾਏ ਜਾਣ ਵਾਲੇ ਚੋਣਾਂ ਦੇ ਨਿਯਮਾਂ ਅਨੁਸਾਰ ਕਮੇਟੀ ਦੇ ਮੈਂਬਰਾਂ ਦੀ ਚੋਣ ਕਰਨਾ;

ii) ਸਲਾਨਾਂ ਰਿਪੋਰਟ, ਪ੍ਰਾਪਤੀਆਂ ਅਤੇ ਕਰਜਾ ਵੰਡ ਦੇ ਆਡਿਟ ਕੀਤਾ ਵਿਵਰਣ, ਬੈਲੰਸ ਸ਼ੀਟ ਅਤੇ ਲਾਭ ਅਤੇ ਹਾਨੀ ਦੇ ਲੇਖੇ ਤੇ ਵਿਚਾਰ ਵਟਾਂਦਰਾ ਕਰਨਾ;

iii) ਲਾਭਾਂ ਦਾ ਨਿਪਟਾਰਾ ਕਰਨਾ ;

iv) ਰਜਿਸਟਰਾਰ ਦੀ ਪ੍ਰਵਾਨਗੀ ਅਧੀਨ ਇਨ੍ਹਾਂ ਉਪ ਨਿਯਮਾਂ ਦੇ ਅਨੁਕੂਲ ਪ੍ਰਾਇਮਰੀ ਬੈਂਕ ਦੀ ਉਧਾਰ ਲੈਣ ਦੀ ਵੱਧ ਤੋਂ ਵੱਧ ਹੱਦ ਨਿਸ਼ਚਿਤ ਕਰਨਾ;

v) ਉਪ ਨਿਯਮਾਂ ਵਿੱਚ ਸੋਧ ਕਰਨਾ ;

vi) ਕਮੇਟੀ ਦੇ ਚੁਣੇ ਹੋਏ ਮੈਂਬਰਾਂ ਨੂੰ ਹਟਾਉਣ।

44) ਜਨਰਲ ਬਾਡੀ ਦਾ ਕਮੇਟੀ ਦੇ ਕਿਸੇ ਮੈਂਬਰ ਨੂੰ ਬਰਖਾਸਤ ਕਰਨ ਸਬੰਧੀ ਪਾਸ ਕੀਤਾ ਕੋਈ ਵੀ ਮਤਾ ਉਦੋਂ ਤੱਕ ਵੈਦ ਨਹੀਂ ਹੋਵੇਗਾ ਜਦ ਤੱਕ ਇਹ ਜਨਰਲ ਬਾਡੀ ਦੀ ਮੀਟਿੰਗ ਵਿੱਚ ਮੈਂਬਰਾਂ ਦੇ ਬਹੁਮੱਤ ਵੋਟ ਰਾਹੀਂ ਪ੍ਰਵਾਨ ਨਾ ਕੀਤਾ ਗਿਆ ਹੋਵੇ।

45) ਜਨਰਲ ਬਾਡੀ, ਕਮੇਟੀ ਅਤੇ ਉਪ ਕਮੇਟੀ ਦੀ ਮੀਟਿੰਗ ਵਿੱਚ ਵਿਚਾਰੇ ਗਏ ਜਾਂ ਨਿਰਣਾ ਕੀਤੇ ਕਾਰੋਬਾਰ ਸਬੰਧੀ ਕਾਰਵਾਈ ਨੂੰ ਕਾਰਵਾਈ ਬੁੱਕ ਵਿੱਚ ਰਿਕਾਰਡ ਕੀਤਾ ਜਾਵੇਗਾ ਜਿਸ ਤੇ ਮੀਟਿੰਗ ਦੇ ਸਭਾਪਤੀ ਦੇ ਦਸਤਖਤ ਕੀਤੇ ਜਾਣਗੇ ।

46) ਕਰਜੇ ਕੇਵਲ ਏ ਸ੍ਰੇਣੀ ਦੇ ਮੈਂਬਰ ਨੂੰ ਹੀ ਦਿੱਤੇ ਜਾਣਗੇ, ਪ੍ਰੰਤੂ ਕੋਈ ਵੀ ਅਜਿਹਾ ਮੈਂਬਰ ਇੱਕ ਹੱਕ ਵਜੋਂ ਕਰਜੇ ਦਾ ਦਾਅਵਾ ਨਹੀਂ ਕਰੇਗਾ। ਸਟੇਟ ਬੈਂਕ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਕਰਜਾ ਨਹੀਂ ਦਿੱਤਾ ਜਾਵੇਗਾ।

47. ਕਰਜ਼ੇ ਦੀਆਂ ਸਾਰੀਆਂ ਪ੍ਰਾਇਮਰੀ ਬੈਂਕ ਦੇ ਮੈਨੇਜਰ ਨੂੰ ਨਿਸ਼ਚਿਤ ਫਾਰਮ ਵਿੱਚ ਦਿੱਤੀਆਂ ਜਾਣਗੀਆਂ। ਹਰੇਕ ਦਰਖਾਸਤ ਦੇ ਨਾਲ ਦਾਅਵਾਨਾਮੇ (ਟਾਈਟਲ ਡੀਡਜ਼) ਅਤੇ ਜਮਾਨਤ ਵਜੋਂ, ਜਿਵੇਂ ਸਟੇਟ ਬੈਂਕ ਦੁਆਰਾ ਨਿਸ਼ਚਿਤ ਕੀਤੀ ਜਾਵੇ, ਪੇਸ਼ਕਸ਼ ਕੀਤੇ ਜਾਣ ਵਾਲੀਆਂ ਤਜਵੀਜਤ ਸੰਪਤੀਆਂ ਸਬੰਧੀ ਹੋਰ ਦਸਤਾਵੇਜ ਲਗਾਏ ਜਾਣਗੇ । ਬਿਨੈਕਾਰ ਆਪਣੀਆਂ ਦਸਖਾਸਤਾਂ ਦੇ ਨਾਲ ਅਜਿਹੀ ਫੀਸ ਲਗਾਉਣਗੇ ਜੋ ਰਜਿਸਟਰਾਰ ਦੁਆਰਾ ਨਿਸਚਿਤ ਕੀਤੀ ਜਾਵੇ । ਅਜਿਹੀਆਂ ਸਾਰੀਆਂ ਦਰਖਾਸਤਾਂ ਪ੍ਰਾਇਮਰੀ ਬੈਂਕ ਦੀ ਕਮੇਟੀ ਦੁਆਰਾ ਨਿਪਟਾਈਆਂ ਜਾਣਗੀਆਂ । ਕਮੇਟੀ ਕਿਸੇ ਕਰਜਾ ਦਰਖਾਸਤ ਨੂੰ ਬਿਨ੍ਹਾਂ ਕੋਈ ਕਾਰਨ ਦੱਸੇ ਰੱਦ ਕਰ ਸਕਦੀ ਹੈ ।

Created with Print2PDF. To remove this line, buy a license at: http://www.software602.com/

48. ਕੋਹੀ ਏ-ਸ੍ਰੇਣੀ ਮੈਂਬਰ, ਇਕੱਲੇ ਵਿਅਕਤੀ ਦੀ ਸੂਰਤ ਵਿੱਚ ਦੋ ਲੱਖ ਅਤੇ ਕਿਸੇ ਮੈਂਬਰ ਸੁਸਾਇਟੀ ਦੇ ਕੇਸ ਵਿੱਚ ਇਕ ਲੱਖ ਪੰਜਾਹ ਹਜਾਰ ਰੁਪਏ ਜਾਂ ਉਸ ਦੀ ਸੁਸਾਇਟੀ ਦੀ ਕੁੱਲ ਚੁਕਤਾ ਹਿੱਸਾ ਪੂੰਜੀ ਦੇ 33½ ਗੁਣਾਂ, ਜੋ ਵੀ ਘੱਟ ਹੋਵੇ, ਤੋਂ ਵੱਧ ਮੁੱਲ ਵਜੋਂ ਪ੍ਰਾਇਮਰੀ ਬੈਂਕ ਤੋਂ ਕਰਜ਼ਾ ਨਹੀਂ ਲੈ ਸਕੇਗਾ ।

ੳ) ਉਪ-ਨਿਯਮ 48 ਦੇ ਹੁੰਦਿਆਂ ਹੋਇਆਂ ਵੀ, ਸ੍ਰੇਣੀ-ਏ ਦੇ ਕਿਸੇ ਵੀ ਮੈਂਬਰ ਨੂੰ ਉਸ ਸੂਰਤ ਵਿੱਚ ਕਿੰਨਾ ਵੀ ਕਰਜ਼ਾ ਦਿੱਤਾ ਜਾ ਸਕਦਾ ਹੈ ਜਦੋਂ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਲਈ ਕਿਸੇ ਵਿਸ਼ੇਸ਼ ਵਿਕਾਸ ਸਕੀਮ ਨੂੰ ਲਾਗੂ ਕਰਨ ਵਾਸਤੇ ਨੈਸ਼ਨਲ ਬੈਂਕ ਦੁਆਰਾ ਸਹਿਮਤੀ ਦਿੱਤੀ ਜਾਵੇ ਬਸ਼ਰਤੇ ਕਿ ਉਹ ਹੋਰ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਉਸ ਦੀ ਚੁੱਕਤਾ ਹਿੱਸਾ ਪੂੰਜੀ ਕਰਜ਼ੇ ਦੀ ਰਕਮ ਦੇ 3% ਨਾਲੋਂ ਘੱਟ ਨਾ ਹੋਵੇ ।

ਬਸ਼ਰਤੇ ਕਿ ਕਿਸੇ ਵੀ ਏ ਕਲਾਸ ਮੈਂਬਰ ਨੂੰ 5●,●●●/- ਰੁਪਏ ਦੀ ਹਿੱਸਾ ਪੂੰਜੀ ਦੇ ਤਹਿਤ ਨਾਬਾਰਡ ਦੁਆਰਾ ਮੰਨਜੂਰ ਸ਼ਰਤਾਂ ਅਤੇ ਧਾਰਾ ਦੇ ਅਨੁਸਾਰ ਕੋਲਡ ਸਟਰੋ, ਦਿਹਾਤੀ ਗੋਦਾਮ ਅਤੇ ਕੋਈ ਵੀ ਹੋਰ ਸਕੀਮ ਜਿਹੜੀ ਰਾਜ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਅਤੇ ਰਜਿਸਟਰਾਰ ਦੁਆਰਾ ਪ੍ਰਵਾਨਿਤ ਹੋਵੇ ਅਤੇ ਜਿਥੇ ਕਰਜੇ ਦੀ ਰਕਮ 16.65 ਲੱਖ ਤੋਂ ਵਧੇਰੇ ਹੋਵੇ, ਕਰਜ਼ੇ ਦੀ ਕੋਈ ਵੀ ਰਕਮ ਮੰਨਜੂਰ ਕੀਤੀ ਜਾ ਸਕਦੀ ਹੈ ।

ਅ) ਚੁੱਕਤਾ ਹਿੱਸਾ-ਪੂੰਜੀ ਅਤੇ ਮੈਂਬਰਾਂ ਨੂੰ ਦਿੱਤੇ ਗਏ ਕਰਜ਼ੇ ਵਿਚਕਾਰ ਕਾਇਮ ਰੱਖੇ ਜਾਣ ਵਾਲੇ ਅਨੁਪਾਤ ਸਬੰਧੀ ਉਪਰੋਕਤ ਉਪ-ਨਿਯਮ 48 ਅਤੇ 48-ੳ ਵਿੱਚ ਦਰਜ ਕੋਈ ਵੀ ਚੀਜ਼, ਪੰਜਾਬ ਭੂਮੀਂ ਸੁਧਾਰ ਸਕੀਮਾਂ ਨੂੰ ਲਾਗੂ ਕਰਨ ਲਈ ਦਿੱਤੇ ਕਰਜੇ ਤੇ ਲਾਗੂ ਨਹੀਂ ਹੋਵੇਗੀ ।

ੲ) ਉਪ ਨਿਯਮ 48-ੳ, ਅ ਅਤੇ ੲ ਵਿੱਚ ਦਰਜ਼ ਕਿਸੇ ਚੀਜ਼ ਦੇ ਹੁੰਦਿਆਂ ਹੋਇਆ ਵੀ ਕਿਸੇ ਏ-ਸ੍ਰੇਣੀ ਮੈਂਬਰ ਨੂੰ ਨਾਬਾਰਡ ਦੁਆਰਾ ਵਿਸ਼ੇਸ਼ ਵਿਕਾਸ ਸਕੀਮਾਂ ਲਾਗੂ ਕਰਨ ਲਈ ਆਰਥਿਕ ਪੈਕੇਜ ਪ੍ਰੋਗਰਾਮ ਅਧੀਨ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਨੂੰ ਸਵੈ-ਰੁਜ਼ਗਾਰ ਮੁਹਈਆ ਕਰਨ ਵਾਸਤੇ ਮਨਜੂਰਕੀਤੀ ਗਈ ਸਕੀਮ ਅਧੀਨ ਕਰਜ਼ੇ ਦਿੱਤੇ ਜਾ ਸਕਦੇ ਹਨ ਬਸ਼ਰਤੇ ਕਿ ਉਹ ਬਾਕੀ ਸਾਰਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਉਸ ਦੀ ਚੁੱਕਤਾ (ਪੇਡ ਅੱਪ) ਹਿੱਸਾ ਪੂਜੀ ਕਰਜ਼ਿਆਂ ਦੂਜੀ ਕਿਸ਼ਤ ਦੀ ਵੰਡ ਸਮੇਂ 2.5% ਦੀ ਦਰ ਤੇ ਦੋ ਕਿਸ਼ਤਾਂ ਵਿੱਚ ਚੁੱਕੀ ਜਾਣ ਵਾਲੀ ਕਰਜ਼ੇ ਦੀ ਰਕਮ ਦੇ 5% ਤੋਂ ਘੱਟ ਨਾ ਹੋਵੇ ।

49. ਕਰਜ਼ਾ, ਉਧਾਰ ਲੈਣ ਵਾਲੇ ਪਾਸੋਂ ਅਜਿਹੇ ਰੂਪ ਅਤੇ ਅਜਿਹੇ ਮਿਆਰਾਂ (ਸਟੈਂਡਰਡਜ਼).ਅਨੁਸਾਰ ਜਮਾਨਤ ਲੈ ਕੇ ਦਿੱਤਾ ਜਾਵੇਗਾ ਜਿਵੇਂ ਰਜਿਸਟਰਾਰ ਸਮੇਂ ਸਮੇਂ ਤੇ ਹਦਾਇਤ ਕਰੇ ।

Created with Print2PDF. To remove this line, buy a license at: http://www.software602.com/

50. ਪ੍ਰਾਇਮਰੀ ਬੈਂਕ ਪਾਸ ਜਮਾਨਤ ਵਜੋਂ ਰਹਿਣ ਰੱਖੀ ਜਮੀਨ ਉਸ ਤੋਂ ਪਹਿਲਾਂ ਭਾਰ-ਮੁਕਤ ਹੋਵਗੀ ਤਾਂ ਕਿ ਪ੍ਰਾਇਮਰੀ ਬੈਂਕ ਦੁਆਰ ਦਿੱਤੇ ਜਾਣ ਵਾਲੇ ਕਰਜ਼ ਰਾਹੀਂ ਰਹਿਣਕਰਤਾ ਜਾਂ ਰਹਿਣਕਾਰ ਨੂੰ ਕਿਸੇ ਜ਼ੋਖਮ ਤੋਂ ਬਚਾਇਆ ਜਾ ਸਕੇ ।

ਨੋਟ : ਪ੍ਰਾਇਮਰੀ ਬੈਂਕ ਦੇ ਹੱਕ ਵਿੱਚ ਗਿਰਵੀ ਰੱਖਣ ਨੂੰ ਇਸ ਉਪ-ਨਿਯਮ ਦੇ ਅਰਥਾਂਵਿੱਚ ਗਿਰਵੀ ਰੱਖਿਆ ਜਾਣਾ ਨਹੀਂ ਸਮਝਿਆ ਜਾਵੇਗਾ ।

51. ਕੋਈ ਵੀ ਕਰਜ਼ਾ ਪੰਦਰਾਂ ਸਾਲਾਂ ਤੋਂ ਵੱਧ ਸਮੇਂ ਲਈ ਨਹੀਂ ਦਿੱਤਾ ਜਾਵੇਗਾ ।

52. ਪ੍ਰਾਇਮਰੀ ਬੈਂਕ ਕਿਸੇ ਵੀ ਕਰਜ਼ੇ ਨੂੰ ਵਾਪਸ ਲੈ ਸਕਦੀ ਹੈ ਅਗਰ ਉਸ ਦੀ ਕੁਵਰਤੋਂ ਕੀਤੀ ਜਾਂਦੀ ਹੈ । ਜੇਕਰ ਪ੍ਰਾਇਮਰੀ ਬੰਕ ਨੂੰ ਸ਼ੰਕਾ ਹੋਵੇ ਕਿ ਰਹਿਣ ਕੀਤੀ ਗਈ ਜਾਇਦਾਦ ਦੀ ਕੀਮਤ ਘੱਟ ਗਈ ਹੈ ਤਾਂ ਇਹ ਕਰਜਦਾਰ ਨੂੰ ਅਜਿਹੀ ਹੋਰ ਜਮਾਨਤ ਦੇਣ ਲਈ ਇਹ ਕਹਿ ਸਕਦੀ ਹੈ ਜਿਵੇਂ ਇਹ ਠੀਕ ਸਮਝੇ । ਜੇਕਰ ਕਰਜਦਾਰ ਹੋਰ ਜਮਾਨਤ ਦੇਣ ਦੇ ਯੋਗ ਨਾ ਹੋਵੇ, ਤਾਂ ਪ੍ਰਾਇਮਰੀ ਬੈਂਕ ਸਾਰੇ ਕਰਜੇ ਜਾਂ ਇਸ ਦੇ ਹਿੱਸੇ ਨੂੰ, ਜਿਵੇਂ ਇਹ ਠੀਕ ਸਮਝੇ, ਵਾਪਸ ਕਰਵਾ ਸਕਦੀ ਹੈ ।

53. ਵਿਆਜ ਦੀ ਦਰ ਜਿਸ ਤੇ ਪ੍ਰਾਇਮਰੀ ਬੈਂਕ ਕਿਸੇ ਏ-ਸ੍ਰੇਣੀ ਦੇ ਮੈਂਬਰ ਨੂੰ ਕਰਜ਼ਾ ਦੇ ਸਕਦੀ ਹੈ ਅਜਿਹੀ ਹੋਵੇਗੀ ਜਿਵੇਂ ਪ੍ਰਾਇਮਰੀ ਬੈਂਕ ਦੀ ਕਮੇਟੀ ਦੁਆਰਾ ਰਜਿਸਟਰਾਰ ਦੀ ਪ੍ਰਵਾਨਗੀ ਅਧੀਨ ਸਮੇਂ ਸਮੇਂ ਤੇ ਨਿਸ਼ਚਿਤ ਕੀਤੀ ਜਾਵੇ ।

54. ਪ੍ਰਾਇਮਰੀ ਬੈਂਕ, ਸਟੇਟ ਬੈਂਕ ਦੀ ਮਨਜੂਰੀ ਤੋਂ ਸਿਵਾਏ ਉਧਾਰ ਲੈਣ ਵਾਲੇ ਤੋਂ ਕੀਤੀਆਂ ਗਈਆਂ ਵਸੂਲੀਆਂ ਨੂੰ ਮੁੜ-ਕਰਜੇ ਵਜੋਂ ਨਹੀਂ ਦੇਵੇਗੀ ।

ਮੁਨਾਫਿਆਂ ਦੀ ਵੰਡ :

55. ਪ੍ਰਾਇਮਰੀ ਬੈਂਕ ਦੀ ਆਡਿਟ ਕੀਤੀ ਹੋਈ ਬੈਲੰਸ-ਸ਼ੀਟ ਅਨੁਸਾਰ ਨਿਰੋਲ ਲਾਭ ਨਿਮਨ ਅਨੁਸਾਰ ਵੰਡੇ ਜਾਣਗੇ :-

(i) 25% ਰਿਜਰਵ ਫੰਡਾਂ ਵਿੱਚ ਪਾਇਆ ਜਾਵੇਗਾ ।

(ii) ਨਿਰੋਲ ਮੁਨਾਫੇ ਦੇ 5% ਤੋਂ ਨਾ ਵੱਧ ਅਜਿਹਾ ਹਿੱਸਾ ਜਿਵੇਂ ਰਜਿਸਟਰਾਰ ਦੁਆਰ ਨਿਸ਼ਚਿਤ ਕੀਤਾ ਜਾਵੇ, ਰਜਿਸਟਰਾਰ ਦੀਆਂ ਸਮੇਂ ਸਮੇਂ ਤੇ ਜਾਰੀ ਕੀਤੀ ਗਈ ਹਦਾਇਤਾਂ ਅਨੁਸਾਰ ਵਰਤੇ ਜਾਣ ਵਾਲੇ ਸਹਿਕਾਰੀ ਸਿਖਿਆ ਫੰਡ ਵਿੱਚ ਪਾਇਆ ਜਾਵੇਗਾ ।

(iii) ਮੁਨਾਫੇ ਦੀ ਬਾਕੀ ਰਹਿੰਦੀ ਰਕਮ ਨਿਮਨਲਿਖਤ ਕਿਸੇ ਇਕ ਜਾਂ ਵੱਧ ਮੰਤਵਾਂ ਲਈ ਵਰਤੀ ਜਾਵੇਗੀ :-

(ੳ) ਮੈਂਬਰਾਂ ਵਿੱਚਕਾਰ ਸਟੇਟ ਬੈਂਕ ਤੋਂ ਲਏ ਗਏ ਕਰਜਿਆਂ ਦੀ ਵਿਆਜ ਦੀ ਦਰ ਤੋਂ ਉਪਰ ਇੱਕ ਪ੍ਰਤੀਸ਼ਤ ਤੋਂ ਨਾ ਵੱਧ ਦਰ ਤੇ ਲਾਭ ਅੰਸ਼ ਦੀ ਵੰਡ ।

(ਅ) ਨਿਰੋਲ ਮੁਨਾਫੇ ਦੀ ਰਕਮ ਦੇ 9% ਤੋਂ ਨਾ ਵੱਧ ਰਕਮ ਚੈਰੀਟੇਬਲ ਇੰਡੋਵਮੈਂਟ ਐਕਟ, 1890 ਦੀ ਧਾਰਾ ਵਿੱਚ ਪਰਿਭਾਸ਼ਿਤ ਕੀਤੇ ਗਏ ਅਨੁਸਾਰ ਕਿਸੇ ਪੁੰਨਾ-

Created with Print2PDF. To remove this line, buy a license at: http://www.software602.com/

ਰੱਖੀ ਮੰਤਵਾਂ ਤੇ ਖਰਚੀ ਜਾਵੇਗੀ ਅਤੇ ਇਨ੍ਹਾਂ ਮੰਤਵਾਂ ਵਿੱਚੋਂ ਕਿਸੇ ਲਈ ਵੀ ਭੇਂ ਕੀਤੇ ਗਏ ਕਾਮਨ ਗੁੱਡ ਫੰਡ ਵਿੱਚ ਸਾਰੀ ਦੀ ਸਾਰੀ ਰਕਮ ਪਾਈ ਜਾਵੇਗੀ ।

(ੲ) ਬੈਂਡ ਡੈਬਿਟ ਰਿਜਰਵ, ਡਿਵੀਂਡੈਂਡ ਇਕੁਏਲਾਜੇਸ਼ਨ ਫੰਡ, ਬਿਲਡਿੰਗ ਫੰਡ, ਡੈਪ੍ਰੀਸੀਏਸ਼ਨ ਫੰਡ ਜਾਂ ਪਾਇਮਰੀ ਬੈਂਕ ਦੁਆਰਾ ਲੋੜੀਂਦਾ ਕੋਈ ਹੋਰ ਫੰਡ ਸਿਰਜਿਤ ਕਰਨਾ।

(iv) ਬਾਕੀ ਬਚੀ ਕੋਈ ਵੀ ਰਕਮ ਰਿਜਰਵ ਫੰਡ ਵਿਚ ਪਾਈ ਜਾ ਸਕਦੀ ਹੈ ਜਾਂ ਅਗਲੇ ਸਾਲ ਲਈ ਮੁਨਾਫਿਆਂ ਵਿਚ ਮਿਲਾਉਣ ਲਈ ਰੱਖੀ ਜਾ ਸਕਦੀ ਹੈ ।

56. ਨਿਰੋਲ ਮੁਆਫੇ ਦੀ ਡੰਵ ਦਾ ਫੈਸਲਾ ਕਮੇਟੀ ਦੀ ਸਿਫਾਰਸ਼ ਤੇ ਜਨਰਲ ਬਾਡੀ ਦੁਆਰਾ ਕੀਤਾ ਜਾਵੇਗਾ।

ਇਸ ਲਈ ਰਜਿਸਟਰਾਰ ਦੀ ਪਰਵਾਨਗੀ ਲੈਣੀ ਜ਼ਰੂਰੀ ਹੋਵੇਗੀ ।

ਉਪ-ਨਿਯਮਾਂ (ਬਾਈ-ਲਾਜ਼) ਦੀ ਸੋਧਨਾ:

57. ਐਕਟ ਜਾਂ ਨਿਯਮਾਂ ਦੇ ਉਪਬੰਧਾਂ ਅਧੀਨ ਇਨ੍ਹਾਂ ਉਪ ਨਿਯਮਾਂ ਦੀ ਸੋਧਨਾ ਜਿਸ ਨੂੰ ਵਿਚਾਰੇ ਜਾਣ ਦਾ ਉਚਿਤ ਨੋਟਿਸ ਦਿੱਤਾ ਗਿਆ ਹੋਵੇ, ਪ੍ਰਾਇਮਰੀ ਬੈਂਕ ਦੀ ਆਮ ਮੀਟਿੰਗ ਵਿੱਚ ਪਾਸ ਕੀਤੇ ਗਏ ਮਤੇ ਤੋਂ ਸਿਵਾ ਨਹੀਂ ਕੀਤੀ ਜਾਵੇਗੀ ।

ਐਪਰ ਇਹ ਕਿ ਅਜਿਹਾ ਕੋਈ ਮਤਾ ਉਦੋਂ ਤਕ ਲਾਗੂ ਨਹੀਂ ਹੋਵੇਗਾ ਜਿਨ੍ਹਾਂ ਚਿਰ ਇਹ ਜਨਰਲ ਮੀਟਿੰਗ ਵਿੱਚ ਹਾਜਰ ਮੈਂਬਰਾਂ ਦੇ ਬਹੁਮਤ ਰਾਹੀਂ ਪਾਸ ਨਾ ਕੀਤਾ ਗਿਆ ਹੋਵੇ ਪ੍ਰੰਤੂ ਉਸ ਮੀਟਿੰਗ ਵਿੱਚ ਪ੍ਰਾਇਮਰੀ ਬੈਂਕ ਦੇ ਕੁੱਲ ਮੈਂਬਰਾਂ ਦੇ ਦੋ ਤਿਹਾਈ ਮੈਂਬਰਾਂ ਤੋਂ ਨਾ ਘੱਟ ਮੈਂਬਰ ਹਾਜ਼ਰ ਹੋਏ ਹੋਣ ।

ਐਪਰ ਹੋਰ ਇਹ ਕਿ ਰਜਿਸਟਰਾਰ ਦੁਆਰਾ ਪਹਿਲਾਂ ਪ੍ਰਵਾਨ ਕੀਤੀਆਂ ਗਈਆਂ ਸੋਧਾਂ ਕਿਸੇ ਆਮ ਜਨਰਲ ਮੀਟਿੰਗ ਵਿੱਚ ਬਹੁਮਤ ਰਾਹੀਂ ਅਪਣਾਈਆਂ ਜਾਣਗੀਆਂ ।

ਫੁੱਟਕਲ :

58. ਪ੍ਰਾਇਮਰੀ ਬੈਂਕ ਅਜਿਹੇ ਉਪਾਓ ਕਰਨ ਦੇ ਸਮਰੱਥ ਹੋਵੇਗੀ ਜੋ ਸਹਿਕਾਰੀ ਸਿਧਾਂਤਾਂ ਦੀ ਉਤਪਤੀ ਲਈ ਸਹਾਇਕ ਹੋਣ । ਇਸ ਕਾਰਜ ਲਈ ਇਹ ਪੰਜਾਬ ਕੋਆਪ੍ਰੇਟਿਵ ਯੂਨੀਅਨ ਨੂੰ 1●●/- ਰੁਪਏ ਸਾਲਾਨਾ ਤੋਂ ਨਾ ਵੱਧ ਅਜਿਹਾ ਚੰਦਾ ਅਦਾ ਕਰੇਗੀ ਜਿਵੇਂ ਰਜਿਸਟਰਾਰ ਦੁਆਰਾ ਸਮੇਂ ਸਮੇਂ ਤੇ ਮਨਜੂਰੀ ਦਿੱਤੀ ਜਾਵੇ ।

59. ਪ੍ਰਾਇਮਰੀ ਬੇਂਕ ਅਜਿਹੀ ਫੀਸ ਅਦਾ ਕਰੇਗੀ ਜੋ ਸਮੇਂ ਸਮੇਂ ਤੇ ਨਿਰਧਾਰਤ ਕੀਤੀ ਜਾਵੇ ।

6●. ਕਮੇਟੀ ਦੇ ਮੈਂਬਰਾਂ ਦੀਆਂ ਸੇਵਾਵਾਂ ਬਿਨ੍ਹਾਂ-ਤਨਖਾਹ (ਆਨਰੇਰੀ) ਹੋਣਗੀਆਂ ਪ੍ਰੰਤੂ ਉਨ੍ਹਾਂ ਨੂੰ ਰਜਿਸਟਰਾਰ ਦੁਆਰ ਪ੍ਰਮਾਣਿਤ ਪੈਮਾਨੇ ਤੇ ਯਾਤਰਾ ਅਤੇ ਰੋਜ਼ਾਨਾ ਭੱਤਾ ਅਦਾ ਕੀਤਾ ਜਾ ਸਕਦਾ ਹੈ ।

Created with Print2PDF. To remove this line, buy a license at: http://www.software602.com/

61. ਪ੍ਰਾਇਮਰੀ ਬੰਕ ਦੇ ਮਾਮਲਿਆਂ ਨੂੰ ਨਜਿੱਠਣ ਲਈ ਕਮੇਟੀ ਦੇ ਮੈਂਬਰ ਅਤੇ ਪ੍ਰਾਇਮਰੀ ਬੈਂਕ ਦੇ ਕਰਮਚਾਰੀ ਇੱਕ ਆਮ ਕਾਰੋਬਾਰੀ ਵਿਅਕਤੀ ਵਾਂਗੂ ਵਤਰੀ ਜਾਂਦੀ ਸਿਆਣਪ ਅਤੇ ਉਦਮ ਨਾਲ ਕੰਮ ਕਰਨਗੇ ਅਤੇ ਉਹ ਉਪ ਨਿਯਮਾਂ ਦੇ ਉਲਟ ਕਿਸੇ ਕਾਰਵਾਈ ਵਿੱਚ ਪ੍ਰਾਇਮਰੀ ਬੈਂਕ ਨੂੰ ਪੁੱਜੇ ਕਿਸੇ ਨੁਕਸਾਨ ਲਈ ਜਿੰਮੇਵਾਰ ਵੀ ਹੋਣਗੇ ।

62. ਪ੍ਰਾਇਮਰੀ ਬੈਂਕ ਦੇ ਰਿਜਰਵ ਫੰਡ ਦੀ ਵੰਡ ਨਹੀਂ ਹੋਵੇਗੀ ਅਤੇ ਕੋਈ ਵੀ ਮੈਂਬਰ ਇਸ ਦੇ ਕਿਸੇ ਵਿਸ਼ੇਸ਼ ਦਾਅਵੇ ਦਾ ਹੱਕਦਾਰ ਨਹੀਂ ਹੋਵੇਗਾ । ਇਹ ਅਜਿਹੇ ਤਰੀਕੇ ਵਿੱਚ ਵਰਤਿਆ ਜਾਵੇਗਾ ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਗਏ ਕਾਨੂੰਨੀ ਨਿਯਮਾਂ ਅਨੁਸਾਰ ਨਿਸ਼ਚਿਤ ਕੀਤਾ ਜਾਵੇ ।

63. ਜੇਕਰ ਕਿਸੇ ਵੀ ਉਪ ਨਿਯਮ ਦੀ ਵਿਆਖਿਆ ਸਬੰਧੀ ਕੋਈ ਸ਼ੰਕਾ ਖੜ੍ਹੀ ਹੋ ਜਾਵੇ, ਮਾਮਲਾ ਰਜਿਸਟਰਾਰ ਨੂੰ ਸੌਂਪਿਆ ਜਾਵੇਗਾ ਜਿਸਦਾ ਫੈਸਲਾ ਅੰਤਿਮ ਹੋਵੇਗਾ ।

64. ਜੇਕਰ ਪ੍ਰਾਇਮਰੀ ਬੈਂਕ ਦੇ ਕਾਰੋਬਾਰੀ ਸਿਧਾਂਤ ਨਾਲ ਸਬੰਧਤ ਪ੍ਰਾਇਮਰੀ ਬੈਂਕ ਦੇ ਕਿਸੇ ਤਨਖਾਹ ਪ੍ਰਾਪਤ ਨੌਕਰ ਵਿਰੁੱਧ ਪ੍ਰਾਇਮਰੀ ਬੈਂਕ ਜਾਂ ਇਸ ਦੀ ਕਮੇਟੀ ਦੁਆਰਾ ਕੀਤੀ ਗਈ ਅਨੁਸ਼ਾਸਨੀ ਕਾਰਵਾਈ ਸਬੰਧੀ ਕਿਸੇ ਵਿਵਾਦ ਤੋਂ ਇਲਾਵਾ ਪ੍ਰਾਇਮਰੀ ਬੈਂਕ ਦੇ ਮੈਂਬਰ ਅਤੇ ਸਾਬਕਾ ਮੈਂਬਰਾਂ ਜਾਂ ਸਹਿਕਾਰੀ ਸਭਾਵਾਂ ਐਕਟ ਅਤੇ ਇਸ ਅਧੀਨ ਬਣਾਈ ਗਈ ਨਿਯਮਾਂਵਲੀ ਦੇ ਸਬੰਧਤ ਉਪਬੰਧਾਂ ਵਿੱਚ ਵਰਣਿਤ ਹੋਰ ਵਿਅਕਤੀਆਂ ਵਿਚਕਾਰ ਕੋਈ ਝਗੜਾ ਖੜ੍ਹਾ ਹੋ ਜਾਂਦਾ ਹੈ ਤਾਂ ਇਹ ਅਜਿਹੇ ਐਕਟ ਅਤੇ ਨਿਯਮਾਂਵਲੀ ਵਿੱਚ ਉਪਬੰਧਤ ਢੰਗ ਵਿਚ ਨਿਪਟਾਇਆ ਜਾਵੇਗਾ ।

65. ਪ੍ਰਾਇਮਰੀ ਬੈਂਕ ਅਜਿਹੇ ਲੇਖੇ ਅਤੇ ਲੇਖਿਆਂ ਨਾਲ ਸਬੰਧਤ ਹੋਰ ਰਿਕਾਰਡ ਤਿਆਰ ਇਸ ਰੂਪ ਜਾਂ ਢੰਗ ਵਿੱਚ ਤਿਆਰ ਕਰੇਗੀ ਜਿਵੇਂ ਸਹਿਕਾਰੀ ਸਭਾਵਾਂ ਐਕਟ ਅਧੀਨ ਅਜਿਹਾ ਕਰਨ ਲਈ ਸਮਰੱਥ ਅਧਿਕਾਰੀ ਦੁਆਰਾ ਹਦਾਇਤ ਕੀਤੀ ਜਾਵੇ ।

66. ਪ੍ਰਾਇਮਰੀ ਬੈਂਕ ਅਜਿਹੀਆਂ ਰਿਟਰਨਾ ਅਤੇ ਵਿਵਰਣ ਤਿਆਰ ਅਤੇ ਪੇਸ਼ ਕਰੇਗੀ ਜਿਵੇਂ ਰਜਿਸਟਰਾਰ ਅਤੇ ਸਟੇਟ ਬੈਂਕ ਦੁਆਰਾ ਸਮੇਂ ਸਮੇਂ ਤੇ ਨਿਸ਼ਚਿਤ ਕੀਤੀਆਂ ਜਾਣ ।

67. ਪ੍ਰਾਇਮਰੀ ਬੈਂਕ, ਸਹਿਕਾਰੀ ਸਭਾਵਾਂ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਰਾਹੀਂ ਨਿਸ਼ਚਿਤ ਕੀਤੀ ਗਈ ਵਿਧੀ ਅਨੁਸਾਰ ਐਕਟ ਦੇ ਸਬੰਧਤ ਉਪਬੰਧਾਂ ਰਾਹੀਂ ਨਿਸ਼ਚਿਤ ਕੀਤੇ ਗਏ ਹਾਲਾਤ ਵਿੱਚ ਰਜਿਸਟਰਾਰ ਦੁਆਰਾ ਬੰਦ ਜਾਂ ਰੱਦ ਕੀਤੀ ਜਾ ਸਕਦੀ ਹੈ ।

Created with Print2PDF. To remove this line, buy a license at: http://www.software602.com/

68. ਮੀਟਿੰਗਾਂ ਦੇ ਸਾਰੇ ਨੋਟਿਸ ਅਤੇ ਹੋਰ ਸਾਰੇ ਨੋਟਿਸ ਤਾਂ ਉਚਿਤ ਅਤੇ ਸਹੀ ਦਿੱਤੇ ਗਏ ਸਮਝੇ ਜਾਣਗੇ ਜੇਕਰ ਇਹ ਸ਼ੇਅਰ ਹੋਲਡਰਜ਼, ਪੈਸਾ ਜਮ੍ਹਾਂ ਕਰਵਾਉਣ ਵਾਲਿਆਂ ਅਤੇ ਪ੍ਰਾਇਮਰੀ ਬੈਂਕ ਦੇ ਹੋਰ ਅਹੁਦੇਦਾਰਾਂ ਦੁਆਰਾ ਦਿੱਤੇ ਗਏ ਪਤੇ ਤੇ ਭੇਜੇ ਜਾਂ ਡਾਕ ਰਾਹੀਂ ਭੇਜੇ ਜਾਂਦੇ ਹਨ । ਇਹ ਉਨ੍ਹਾਂ ਦਾ ਫਰਜ਼ ਹੋਵੇਗਾ ਕਿ ਆਪਣੇ ਪਤੇ ਵਿੱਚ ਕਿਸੇ ਤਬਦੀਲੀ ਬਾਰੇ ਪ੍ਰਾਇਮਰੀ ਬੈਂਕ ਨੂੰ ਸੂਚਿਤ ਕਰਨ ।

69. (ੳ) ਕਿਸੇ ਅਜਿਹੇ ਵਿਅਕਤੀਆਂ ਨੂੰ ਪ੍ਰਾਇਮਰੀ ਬੈਂਕ ਵਿੱਚ ਭਰਤੀ ਨਹੀਂ ਕੀਤਾ ਜਾਵੇਗਾ ਜੋ ਰਜਿਸਟਰਾਰ ਦੁਆਰਾ ਸਮੇਂ ਸਮੇਂ ਤੇ ਨਿਸ਼ਚਿਤ ਕੀਤੀਆਂ ਗਈਆਂ ਯੋਗਤਾਵਾਂ ਪੂਰੀਆਂ ਨਾ ਕਰਦੇ ਹੋਣ ।

(ਅ) ਕਿਸੇ ਵੀ ਵਿਅਕਤੀ ਨੂੰ ਅਜਿਹੇ ਢੰਗ ਵਿਚ ਜਮਾਨਤ ਪ੍ਰਾਪਤ ਕਰਨ ਅਤੇ ਅਜਿਹੇ ਮਿਆਰ (ਸਟੈਂਡਰਡਜ) ਰਿਕਾਰਡ ਕਰਵਾਉਣ ਜਿਵੇਂ ਰਜਿਸਟਰਾਰ, ਦੁਆਰਾ ਸਮੇਂ ਸਮੇਂ ਤੇ ਨਿਸ਼ਚਿਤ ਕੀਤਾ ਜਾਵੇ ਤੋਂ ਬਗੈਰ ਪ੍ਰਾਇਰਮੀ ਬੈਂਕ ਦੀ ਨੌਕਰੀ ਵਿਚ ਨਹੀਂ ਰੱਖਿਆ ਜਾਵੇਗਾ ।

70. ਪ੍ਰਾਇਮਰੀ ਬੈਂਕ ਦੁਆਰਾ ਆਪਣਾ ਕੰਮਕਾਰ ਚਲਾਉਣ ਲਈ ਲੋੜੀਂਦਾ ਅਮਲਾ ਸਿਵਾਏ ਕਲਰਕ ਅਤੇ ਦਰਜ਼ਾ -iv ਦੇ ਕਰਮਚਾਰੀਆਂ ਦੇ ਸਟੇਟ ਬੈਂਕ ਦੁਆਰਾ ਬਣਾਏ ਗਏ ਕਾਡਰ ਵਿਚੋਂ ਲਿਆ ਜਾਵੇਗਾ।

71. (i) ਪਾਇਮਰੀ ਬੈਂਕ ਦੀ ਕਮੇਟੀ ਪ੍ਰਾਇਮਰੀ ਬੈਂਕ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀ ਸਲਾਨਾ ਤਰੱਕੀ ਨੂੰ ਯਕੀਨੀ ਬਨਾਉਣ ਅਤੇ ਰੋਕੀ ਰੱਖਣ ਦੇ ਸਮਰੱਥ ਹੋਵੇਗੀ। ਇਹ ਕਰਮਚਾਰੀਆਂ ਦੀਆਂ ਬਦਲੀਆਂ, ਮੁਅੱਤਲੀ ਅਤੇ ਬਰਖਾਸਤਗੀ ਦੀ ਸਿਫਾਰਸ਼ ਕਰਨ ਦੇ ਯੋਗ ਵੀ ਹੋਵੇਗੀ ।

(ii) ਕਰਮਚਾਰੀਆਂ ਦੀ ਇਤਫਾਕੀਆਂ ਛੁੱਟੀ ਮਨਜ਼ੂਰ ਕਰਨ ਦੀ ਸ਼ਕਤੀ ਪ੍ਰਾਇਮਰੀ ਬੈਂਕ ਦੀ ਕਮੇਟੀ ਨੂੰ ਹੋਵੇਗੀ ਪ੍ਰੰਤੂ ਕਮਾਈ ਛੁੱਟੀ ਦੇ ਕੇਸ ਵਿਚ ਇਹ ਸਟੇਟ ਬੈਂਕ ਨੂੰ ਸਿਰਫ ਸਿਫਾਰਸ਼ ਕਰੇਗੀ ।

(iii) ਕਰਮਚਾਰੀਆਂ ਦਾ ਪ੍ਰਾਵੀਡੈਂਟ ਫੰਡ ਪ੍ਰਾਇਮਰੀ ਬੈਂਕ ਦੁਆਰਾ ਅਦਾ ਕੀਤਾ ਜਾਵੇਗੀ ਪ੍ਰੰਤੂ ਇਸ ਫੰਡ ਵਿਚ ਛੁੱਟੀ ਯੋਗਦਾਨ ਨਹੀਂ ਪਾਇਆ ਜਾਵੇਗਾ ।

(iv) ਲੀਵ ਰਿਜਰਵਜ਼ ਸਟੇਟ ਦੁਆਰਾ ਕਾਇਮ ਕੀਤੇ ਜਾਣਗੇ ।

72. ਪ੍ਰਾਇਮਰੀ ਬੈਂਕ ਦੀ ਰਜਿਸਟ੍ਰੇਸ਼ਨ ਅਤੇ ਪ੍ਰਾਇਮਰੀ ਕੋਆਪ੍ਰੇਟ੍ਰਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕਾਂ ਦੇ ਹੱਕ ਵਿਚ ਰਹਿਣਨਾਮਿਆਂ ਨੂੰ ਮੁੜ ਸਪੁਰਦ ਕਰਨ ਤੋਂ ਬਾਅਦ ਸਟੇਟ ਬੈਂਕ ਦੇ ਉਧਾਰ ਲੈਣ ਵਾਲੇ ਕਰਜਦਾਰ ਜਿਨ੍ਹਾਂ ਦੀ ਮੈਂਬਰਸ਼ਿਪ ਪ੍ਰਾਇਮਰੀ ਬੈਂਕ ਨੂੰ ਤਬਦੀਲੀ ਕਰ ਦਿੱਤੀ ਜਾਵੇਗੀ, ਪ੍ਰਾਇਮਰੀ ਬੈਂਕ ਦੇ ਕਰਜ਼ਦਾਰ ਬਣ ਜਾਣਗੇ ਅਤੇ ਪ੍ਰਾਇਮਰੀ ਬੈਂਕ ਅਜਿਹੇ ਮੈਂਬਰਾਂ ਵਿਰੁੱਧ ਬਕਾਇਆ ਕੁੱਲ ਕਰਜ਼ੇ ਲਈ ਸਟੇਟ ਬੈਂਕ ਦੀ ਰਿਣੀ ਬਣ ਜਾਵੇਗੀ ।

Created with Print2PDF. To remove this line, buy a license at: http://www.software602.com/

73. ਪ੍ਰਾਇਮਰੀ ਬੈਂਕ ਆਪਣੇ ਰਜਿਸਟਰਡ ਪਤੇ ਤੇ ਸਾਰੇ ਵਾਜਬ ਸਮਿਆਂ ਤੇ ਪੰਜਾਬ ਸਹਿਕਾਰੀ ਐਕਟ, 1961 , ਪੰਜਾਬ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕਸ ਐਕਟ, 1957 ਅਤੇ ਇਨ੍ਹਾਂ ਦੋਹਾਂ ਦੇ ਅਹੁੱਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਸਟੇਟ ਬੈਂਕ ਦੇ ਉਪ ਨਿਯਮਾਂ ਅਤੇ ਇਸ ਦੇ ਆਪਣੇ ਉਪ ਨਿਯਮਾਂ ਦੀ ਇਕ ਇਕ ਕਾਪੀ ਬਿਨਾਂ ਕਿਸੇ ਮੁਆਇਨਾ ਫੀਸ ਦੇ ਦੇਖਣ ਲਈ ਰੱਖੇਗੀ ।

74. ਪ੍ਰਾਇਮਰੀ ਬੈਂਕ ਹਰੇਕ ਸਹਿਕਾਰੀ ਵਰ੍ਹੇ ਦੇ ਆਖਰੀ ਦਿਨ ਤੱਕ ਦਰਜ ਆਪਣੇ ਮੈਂਬਰਾਂ ਦੀ ਉਨ੍ਹਾਂ ਦੇ ਪਤਿਆਂ ਸਮੇਤ ਇਕ ਸੂਚੀ ਤਿਆਰ ਕਰੇਗੀ ਅਤੇ ਇਸ ਦੀਆਂ ਕਾਪੀਆਂ ਸਾਲ ਦੇ ਖਤਮ ਹੋਣ ਤੇ ਇਕ ਮਹੀਨੇ ਦੇ ਅੰਦਰ ਰਜਿਸਟਰਾਰ ਅਤੇ ਸਟੇਟ ਬੈਂਕ ਨੂੰ ਪੇਸ਼ ਕਰੇਗੀ । ਅਜਿਹੀਆਂ ਸੂਚੀਆਂ ਪ੍ਰਾਇਮਰੀ ਬੈਂਕ ਦੇ ਮੈਂਬਰਾਂ ਦੀ ਸਹੂਲਤ ਲਈ ਕੰਮਕਾਰੀ ਸਮੇਂ ਦੌਰਾਨ ਪ੍ਰਾਇਮਰੀ ਬੈਂਕ ਦੇ ਦਫਤਰ ਵਿਚ ਖੁਲੇਆਮ ਰੱਖੀਆਂ ਜਾਣਗੀਆਂ । ਮੈਨੇਜਰ ਦੀ ਇਹ ਡਿਊਟੀ ਹੋਵੇਗੀ ਕਿ ਉਹ ਸਹਿਕਾਰੀ ਸਾਲ ਦੇ ਅੰਤਿਮ ਦਿਨ ਜਾਂ ਮੈਂਬਰ ਦੁਆਰਾ ਮਿਥੀ ਗਈ ਕਿਸੇ ਹੋਰ ਮਿਤੀ ਤੱਕ ਮੈਂਬਰਾਂ ਦੀਆਂ ਅਜਿਹੀਆਂ ਸੂਚੀਆਂ ਦੀਆਂ ਕਾਪੀਆਂ, ਅਜਿਹੀ ਫੀਸ ਜੋ ਇਸ ਸਬੰਧ ਵਿਚ ਕਮੇਟੀ ਦੁਆਰਾ ਨਿਸ਼ਚਿਤ ਕੀਤੀ ਜਾਵੇ, ਦੀ ਅਦਾਇਗੀ ਕਰਨ ਤੇ ਅਜਿਹੀ ਮੰਗ ਲਈ ਪ੍ਰਾਪਤ ਹੋਈ ਦਰਖਾਸਤ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਸਪਲਾਈ ਕਰੇਗਾ ।

75. ਪ੍ਰਾਇਮਰੀ ਬੈਂਕ ਦੁਆਰਾ ਬਣਦੀ ਕੋਈ ਰਕਮ ਅਤੇ ਇੰਡੀਅਨ ਲਿਮੀਟੇਸ਼ਨ ਐਕਟ ਰਾਹੀਂ ਆਗਿਆ ਦਿੱਤੀ ਕਿਸੇ ਹੱਦ ਦੇ ਸਮੇਂ ਦੇ ਅੰਦਰ ਕੋਈ ਕਲੇਮ ਪ੍ਰਾਇਮਰੀ ਬੈਂਕ ਦੇ ਰਿਜਰਵ ਫੰਡ ਵਿਚ ਪਾਇਆ ਜਾਵੇਗਾ ।

76. ਜੇਕਰ ਪ੍ਰਾਇਮਰੀ ਬੈਂਕ ਨਾਲ ਸਬੰਧਤ ਕੋਈ ਰਕਮ ਚੋਰੀ ਹੋ ਜਾਵੇ ਜਾਂ ਗੁੰਮ ਹੋ ਜਾਵੇ ਜਾਂ ਉਸ ਦਾ ਸਾਰਾ ਜਾਂ ਕੁਝ ਹਿੱਸਾ ਵਸੂਲੀਯੋਗ ਪਾਇਆ ਜਾਵੇ, ਕਮੇਟੀ ਨੂੰ ਬੋਰਡ ਅਤੇ ਰਜਿਸਟਰਾਰ ਦੀ ਮਨਜੂਰੀ ਪ੍ਰਾਪਤ ਕਰਨ ਤੋਂ ਬਾਅਦ ਅਜਿਹੀ ਰਕਮ ਨੂੰ ਵੱਟੇ-ਖਾਤੇ ਪਾਉਣ ਦੀ ਖੁੱਲ ਹੋਵੇਗੀ ।

77. ਜਦੋਂ ਕੋਈ ਮੈਂਬਰ ਜਿਸ ਵੱਲ ਪੈਸਾ ਅਦਾ ਕਰਨਾ ਬਣਦਾ ਹੋਵੇ, ਕੋਈ ਰਕਮ ਅਦਾ ਕਰੇ ਇਸ ਦੀ ਵਰਤੋਂ ਨਿਮਨਲਿਖਤ ਢੰਗ ਵਿਚ ਕੀਤੀ ਜਾਵੇਗੀ ।

(i) ਉਸ ਵੱਲ ਬਣਦੀਆਂ ਫੀਸਾਂ, ਜੁਰਮਾਨਾ, ਡਾਕ ਖਰਚਾ, ਰਜਿਸਟ੍ਰੇਸ਼ਨ ਅਤੇ ਹੋਰ ਫੁੱਟਕਲ ਖਰਚਿਆਂ ਲਈ,

(ii) ਵਿਆਜ ਲਈ ; ਅਤੇ

(iii) ਮੂਲ ਲਈ ।

Created with Print2PDF. To remove this line, buy a license at: http://www.software602.com/

78. ਜੇਕਰ ਸਟੇਟ ਬੈਂਕ ਦੇ ਉਪ ਨਿਯਮਾਂ ਅਤੇ ਪ੍ਰਾਇਮਰੀ ਬੈਂਕ ਦੇ ਉਪ ਨਿਯਮਾਂ ਵਿਚਕਾਰ ਕਿਸੇ ਮਾਮਲੇ ਤੇ ਕੋਈ ਵਿਵਾਦ ਖੜਾ ਹੋ ਜਾਵੇ ਤਾਂ ਸਟੇਟ ਬੈਂਕ ਦੇ ਉਪ ਨਿਯਮ ਲਾਗੂ ਹੋਣਗੇ ।

79. ਪ੍ਰਾਇਮਰੀ ਬੈਂਕਾਂ ਦੇ ਉਬਪ ਨਿਯਮਾਂ (ਬਾਈਲਾਜ਼) ਵਿਚ ਸ਼ਬਦਾਂ " ਪਾਇਮਰੀ ਲੈਂਡ ਮਾਰਗੇਜ ਬੈਂਕ", ਮਾਰਗੇਜ ਬੈਂਕ, "ਕੋਆਪੇਟਿਵ ਲੈਂਡ ਮਾਰਗੇਜ਼ ਬੈਂਕ", "ਪੰਜਾਬ ਸਟੇਟ ਕੋਆਪ੍ਰੇਟਿਵ ਲੈਂਡ ਮਾਰਗੇਜ ਬੈਂਕ ਲਿਮਟਿਡ, " ਪ੍ਰਾਇਮਰੀ ਲੈਂਡ ਮਾਰਗੇਜ਼ ਬੈਂਕਸ", ਅਤੇ "ਮਾਰਗੇਜ਼ਬੈਂਕ", ਜਿਥੇ ਕਿਤੇ ਆਉਂਦੇ ਹੋਣ, ਦੀ ਥਾਂ ਸ਼ਬਦ ਕ੍ਰਮਵਾਰ "ਪ੍ਰਾਇਮਰੀ ਐਗਰੀਕਲਚਰਲ ਡਿਵੈਲਪਮੈਂਟ ਬੈਂਕਸ", ਡਿਵੈਲਪਮੈਂਟ ਬੈਂਕ", "ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ", "ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਂਲਪਮੈਂਟ ਬੈਂਕਸ ਲਿਮਟਿਡ", "ਪ੍ਰਾਇਮਰੀ ਐਗਰੀਕਲਰਚਲ ਡਿਵੈਲਪਮੈਂਟ ਬੈਂਕ ਅਤੇ ਡਿਵੈਲਪਮੈਂਟ ਬੈਂਕਸ" ਰੱਖ ਦਿੱਤੇ ਜਾਣਗੇ ।

Created with Print2PDF. To remove this line, buy a license at: http://www.software602.com/

ਉਪ-ਨਿਯਮ (ਬਾਈ-ਲਾਜ਼)

ਦੀ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ

ਰਜਿਸਟ੍ਰੇਸ਼ਨ ਦੀ ਮਿਤੀ .....

ਰਜਿਸਟ੍ਰੇਸ਼ਨ ਨੰਬਰ .....

ਸੋਧਨਾਵਾਂ

ਲੜੀ ਨੰ:	ਉਪ-ਨਿਯਮ ਦਾ ਨੰਬਰ	ਜਨਰਲ ਬਾਡੀ ਦਾ ਮਤਾ	ਰਜਿਸਟ੍ਰੇਸ਼ਨ ਦੀ ਮਿਤੀ

Created with Print2PDF. To remove this line, buy a license at: http://www.software602.com/

Created with Print2PDF. To remove this line, buy a license at: http://www.software602.com/